# Samaj Weekly
# ਸਮਾਜ ਵੀਕਲੀ

Punjabi, Hindi & English Newspaper - UK & EU Edition

Vol : 4 : # ਅੰਕ 09 | 07/05/2025 | www.samajweekly.com | samajweekly | @samajweekly | samajweekly


# OPERAITON SINDOOR

# ਭਾਰਤੀ ਹਥਿਆਰਬੰਦ ਬਲਾਂ ਵੱਲੋਂ ਪਾਕਿਸਤਾਨ ਤੇ ਮਕਬੂਜ਼ਾ ਕਸ਼ਮੀਰ ਵਿਚ 9 ਦਹਿਸ਼ਤੀ ਟਿਕਾਣਿਆਂ ’ਤੇ ਮਿਜ਼ਾਈਲ ਹਮਲੇ



**ਨਵੀਂ ਦਿੱਲੀ।** ਪਹਿਲਗਾਮ ਦਹਿਸ਼ਤੀ ਹਮਲੇ ਦਾ ਬਦਲਾ ਲੈਂਦਿਆਂ ਭਾਰਤੀ ਹਥਿਆਰਬੰਦ ਬਲਾਂ ਨੇ ਬੁੱਧਵਾਰ ਤੜਕੇ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ ਵਿੱਚ ਨੌਂ ਦਹਿਸ਼ਤੀ ਟਿਕਾਣਿਆਂ ’ਤੇ ਮਿਜ਼ਾਈਲ ਹਮਲੇ ਕੀਤੇ ਹਨ। ਇਨ੍ਹਾਂ ਵਿੱਚ ਬਹਾਵਲਪੁਰ ਵੀ ਸ਼ਾਮਲ ਹੈ ਜੋ ਦਹਿਸ਼ਤੀ ਸੰਗਠਨ ਜੈਸ਼-ਏ-ਮੁਹੰਮਦ ਦਾ ਗੜ੍ਹ ਹੈ। ਭਾਰਤੀ ਫੌਜ ਨੇ ਵੱਡੇ ਤੜਕੇ 1.44 ਵਜੇ ਜਾਰੀ ਕੀਤੇ ਇੱਕ ਬਿਆਨ ਵਿੱਚ ਕਿਹਾ ਕਿ ਫੌਜੀ ਹਮਲੇ ‘ਆਪ੍ਰੇਸ਼ਨ ਸਿੰਦੂਰ’ ਤਹਿਤ ਕੀਤੇ ਗਏ ਹਨ।

ਫੌਜ ਨੇ ਕਿਹਾ, ‘‘ਥੋੜ੍ਹਾ ਸਮਾਂ ਪਹਿਲਾਂ, ਭਾਰਤੀ ਹਥਿਆਰਬੰਦ ਬਲਾਂ ਨੇ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ ਵਿੱਚ ਦਹਿਸ਼ਤੀ ਢਾਂਚੇ ਨੂੰ ਨਿਸ਼ਾਨਾ ਬਣਾਉਂਦੇ ਹੋਏ ‘ਆਪ੍ਰੇਸ਼ਨ ਸਿੰਦੂਰ’ ਸ਼ੁਰੂ ਕੀਤਾ ਸੀ, ਜਿੱਥੋਂ ਭਾਰਤ ਵਿਰੁੱਧ ਦਹਿਸ਼ਤੀ ਹਮਲਿਆਂ ਦੀ ਯੋਜਨਾ ਅਤੇ ਨਿਰਦੇਸ਼ਨ ਕੀਤਾ ਗਿਆ ਸੀ।’’

ਬਿਆਨ ਵਿੱਚ ਕਿਹਾ ਗਿਆ ਹੈ ਕਿ ਭਾਰਤੀ ਹਥਿਆਰਬੰਦ ਬਲਾਂ ਦੀਆਂ ਕਾਰਵਾਈਆਂ ‘ਕੇਂਦਰਤ ਤੇ ਨਪੀਆਂ ਤੁਲੀਆਂ’ ਰਹੀਆਂ ਹਨ।

ਭਾਰਤੀ ਫੌਜ ਨੇ ਕਿਹਾ, ‘‘ਕਿਸੇ ਵੀ ਪਾਕਿਸਤਾਨੀ ਫੌਜੀ ਟਿਕਾਣੇ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ ਹੈ। ਭਾਰਤ ਨੇ ਟੀਚਿਆਂ ਦੀ ਚੋਣ ਅਤੇ ਹਮਲਿਆਂ ਨੂੰ ਅੰਜਾਮ ਦੇਣ ਵਿਚ ਕਾਫ਼ੀ ਸੰਜਮ ਨਾਲ ਕੰਮ ਲਿਆ ਹੈ।’’ ਪਾਕਿਸਤਾਨ ਫੌਜ ਦੇ ਬੁਲਾਰੇ ਲੈਫਟੀਨੈਂਟ ਜਨਰਲ ਅਹਿਮਦ ਸ਼ਰੀਫ ਚੌਧਰੀ ਨੇ ਕਿਹਾ ਕਿ ਭਾਰਤ ਵੱਲੋਂ ਮਕਬੂਜ਼ਾ ਕਸ਼ਮੀਰ (ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ) ਦੇ ਕੋਟਲੀ ਅਤੇ ਮੁਜ਼ੱਫਰਾਬਾਦ ਅਤੇ ਪੰਜਾਬ ਦੇ ਬਹਾਵਲਪੁਰ ਵਿੱਚ ਮਿਜ਼ਾਈਲ ਹਮਲੇ ਕੀਤੇ ਗਏ। ਉਨ੍ਹਾਂ ਏਆਰਵਾਈ ਨਿਊਜ਼ ਚੈਨਲ ਨੂੰ ਦੱਸਿਆ ਕਿ ਕੁਝ ਸਮਾਂ ਪਹਿਲਾਂ, ਭਾਰਤ ਨੇ ਬਹਾਵਲਪੁਰ ਦੇ ਅਹਿਮਦ ਪੂਰਬੀ ਖੇਤਰ, ਕੋਟਲੀ ਅਤੇ ਮੁਜ਼ੱਫਰਾਬਾਦ ਵਿੱਚ ਤਿੰਨ ਥਾਵਾਂ ’ਤੇ ਹਵਾਈ ਹਮਲੇ ਕੀਤੇ ਸਨ।

ਚੌਧਰੀ ਨੇ ਕਿਹਾ, ‘‘ਇਹ ਬੁਜ਼ਦਿਲਾਨਾ ਅਤੇ ਸ਼ਰਮਨਾਕ ਹਮਲਾ ਭਾਰਤ ਦੇ ਹਵਾਈ ਖੇਤਰ ਦੇ ਅੰਦਰੋਂ ਕੀਤਾ ਗਿਆ ਹੈ। ਉਨ੍ਹਾਂ ਨੂੰ ਕਦੇ ਵੀ ਪਾਕਿਸਤਾਨ ਦੇ ਖੇਤਰ ਵਿੱਚ ਆਉਣ ਅਤੇ ਘੁਸਪੈਠ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ।’’ ਚੌਧਰੀ ਨੇ ਅੱਗੇ ਕਿਹਾ, ‘‘ਮੈਂ ਇਹ ਸਪੱਸ਼ਟ ਤੌਰ ‘ਤੇ ਕਹਿਣਾ ਚਾਹੁੰਦਾ ਹਾਂ: ਪਾਕਿ-ਸਤਾਨ ਆਪਣੀ ਪਸੰਦ ਦੇ ਸਮੇਂ ਅਤੇ ਸਥਾਨ ’ਤੇ ਇਸ ਦਾ ਜਵਾਬ ਦੇਵੇਗਾ। ਇਹ ਘਿਨਾਉਣੀ ਭੜਕਾਹਟ ਦਾ ਜਵਾਬ ਦਿੱਤਾ ਜਾਵੇਗਾ।’’

ਭਾਰਤ ਨੇ ਇਹ ਹਮਲੇ ਪਹਿਲਗਾਮ ਦਹਿਸ਼ਤੀ ਹਮਲੇ ਤੋਂ ਦੋ ਹਫ਼ਤੇ ਬਾਅਦ ਕੀਤੇ ਹਨ। ਇਨ੍ਹਾਂ ਹਮਲਿਆਂ ਨੂੰ ਲੈ ਕੇ ਭਾਰਤ ਅਤੇ ਵਿਦੇਸ਼ਾਂ ਵਿੱਚ ਵਿਆਪਕ ਰੋਸ ਸੀ।

ਭਾਰਤੀ ਫੌਜ ਨੇ ਬਿਆਨ ਵਿੱਚ ਕਿਹਾ, ‘‘ਇਹ ਕਦਮ ਪਹਿਲਗਾਮ ਦਹਿਸ਼ਤੀ ਹਮਲੇ ਦੇ ਮੱਦੇਨਜ਼ਰ ਚੁੱਕਿਆ ਗਿਆ ਹੈ, ਜਿਸ ਵਿੱਚ 25 ਭਾਰਤੀਆਂ ਅਤੇ ਇੱਕ ਨੇਪਾਲੀ ਨਾਗਰਿਕ ਦੀ ਹੱਤਿਆ ਕਰ ਦਿੱਤੀ ਗਈ ਸੀ।’’ ਬਿਆਨ ਵਿਚ ਕਿਹਾ ਗਿਆ, ‘‘ਅਸੀਂ ਇਸ ਵਚਨਬੱਧਤਾ ’ਤੇ ਖਰੇ ਉਤਰ ਰਹੇ ਹਾਂ ਕਿ ਇਸ ਹਮਲੇ ਲਈ ਜ਼ਿੰਮੇਵਾਰ ਲੋਕਾਂ ਨੂੰ ਜਵਾਬਦੇਹ ਠਹਿਰਾਇਆ ਜਾਵੇਗਾ।’’ ਇਸ ਮਾਮਲੇ ਤੋਂ ਜਾਣੂ ਲੋਕਾਂ ਨੇ ਕਿਹਾ ਕਿ ਭਾਰਤ ਦੇ ਉੱਚ ਫੌਜੀ ਅਧਿਕਾਰੀ ਇਸ ਕਾਰਵਾਈ ‘ਤੇ ਨੇੜਿਓਂ ਨਜ਼ਰ ਰੱਖ ਰਹੇ ਸਨ। ਕਾਬਿਲੇਗੌਰ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 29 ਅਪਰੈਲ ਨੂੰ ਸਿਖਰਲੇ ਰੱਖਿਆ ਅਧਿਕਾਰੀਆਂ ਨਾਲ ਇੱਕ ਉੱਚ ਪੱਧਰੀ ਮੀਟਿੰਗ ਵਿੱਚ ਭਾਰਤੀ ਹਥਿਆਰਬੰਦ ਬਲਾਂ ਨੂੰ ਪਹਿਲਗਾਮ ਦਹਿਸ਼ਤੀ ਹਮਲੇ ਦੇ ਜਵਾਬ ਦੇ ਢੰਗ, ਟੀਚਿਆਂ ਅਤੇ ਸਮੇਂ ਬਾਰੇ ਫੈਸਲਾ ਲੈਣ ਲਈ ਪੂਰੀ ਖੁੱਲ੍ਹ ਦਿੱਤੀ ਸੀ। ਸ੍ਰੀ ਮੋਦੀ ਨੇ ‘ਅਤਿਵਾਦ ਨੂੰ ਕਰਾਰਾ ਝਟਕਾ’ ਦੇਣ ਦੇ ਕੌਮੀ ਅਹਿਦ ‘ਤੇ ਵੀ ਜ਼ੋਰ ਦਿੱਤਾ।

# ਭਾਰਤ-ਪਾਕਿ ਦੇ ਤਣਾਅ ਤੋਂ ਬਾਅਦ ਸਕੂਲ ਬੰਦ, ਅਗਲੇ 72 ਘੰਟਿਆਂ ਤਕ ਸਾਰੇ ਸਕੂਲ ਬੰਦ

**ਅੰਮ੍ਰਿਤਸਰ।** ਭਾਰਤ ਨੇ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀਓਕੇ) ਵਿੱਚ 9 ਅਤਿਵਾਦੀ ਟਿਕਾਣਿਆਂ 'ਤੇ ਹਵਾਈ ਹਮਲੇ ਕੀਤੇ। ਇਹ ਹਮਲੇ 'ਆਪ੍ਰੇਸ਼ਨ ਸਿੰਦੂਰ' ਤਹਿਤ ਬੁੱਧਵਾਰ ਰਾਤ ਨੂੰ 1.30 ਵਜੇ ਬਹਾਵਲਪੁਰ, ਮੁਰੀਦਕੇ, ਬਾਗ, ਕੋਟਲੀ ਅਤੇ ਮੁਜ਼ੱਫਰਾਬਾਦ ਵਿੱਚ ਕੀਤੇ ਗਏ। 30 ਲੋਕਾਂ ਦੇ ਮਾਰੇ ਜਾਣ ਦੀ ਖ਼ਬਰ ਹੈ। ਪਾਕਿਸਤਾਨ 'ਤੇ ਹਮਲੇ ਤੋਂ ਬਾਅਦ ਹਰਿਆਣਾ ਅਤੇ ਪੰਜਾਬ ਵਿੱਚ ਸੁਰੱਖਿਆ ਵਧਾ ਦਿੱਤੀ ਗਈ ਹੈ। ਪੰਜਾਬ ਦੇ ਪੰਜ ਜ਼ਿਲ੍ਹਿਆਂ - ਗੁਰਦਾਸਪੁਰ, ਪਠਾਨਕੋਟ, ਫਾਜ਼ਿਲਕਾ, ਫਿਰੋਜ਼ਪੁਰ ਤੇ ਅੰਮ੍ਰਿਤਸਰ ਵਿੱਚ ਸਕੂਲ ਅਗਲੇ ਹੁਕਮਾਂ ਤੱਕ ਬੰਦ ਕਰ ਦਿੱਤੇ ਗਏ ਹਨ। ਚੰਡੀਗੜ੍ਹ ਅਤੇ ਅੰਮ੍ਰਿਤਸਰ ਹਵਾਈ ਅੱਡੇ ਅਗਲੇ ਹੁਕਮਾਂ ਤੱਕ ਬੰਦ ਕਰ ਦਿੱਤੇ ਗਏ ਹਨ। ਜਦੋਂ ਕਿ ਅੰਬਾਲਾ ਵਿੱਚ ਡਰੋਨ ਉਡਾਉਣ 'ਤੇ ਪਾਬੰਦੀ ਲਗਾਈ ਗਈ ਹੈ। ਰੇਲਵੇ ਪ੍ਰੋਟੈਕਸ਼ਨ ਫੋਰਸ (RPF) ਦੀਆਂ ਟੀਮਾਂ ਕੈਂਟ ਰੇਲਵੇ ਸਟੇਸ਼ਨ 'ਤੇ ਲੋਕਾਂ ਦੇ ਸਾਮਾਨ ਦੀ ਜਾਂਚ ਕਰ ਰਹੀਆਂ ਹਨ। ਟ੍ਰੇਨ ਵਿੱਚ ਬੈਠੇ ਯਾਤਰੀਆਂ ਦੇ ਸਾਮਾਨ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਸੁਰੱਖਿਆ ਪ੍ਰਬੰਧ ਸਖ਼ਤ ਕਰ ਦਿੱਤੇ ਗਏ ਹਨ। ਸਾਵਧਾਨੀ ਦੇ ਤੌਰ 'ਤੇ, ਸਾਰੀਆਂ ਉਡਾਣਾਂ ਸਵੇਰੇ 10 ਵਜੇ ਤੱਕ ਰੱਦ ਕਰ ਦਿੱਤੀਆਂ ਗਈਆਂ ਹਨ। ਇੰਡੀਗੋ ਅਤੇ ਹੋਰ ਏਅਰਲਾਈਨਾਂ ਨੇ ਯਾਤਰੀਆਂ ਨੂੰ ਹਵਾਈ ਅੱਡੇ ਲਈ ਰਵਾਨਾ ਹੋਣ ਤੋਂ ਪਹਿਲਾਂ ਆਪਣੀ ਉਡਾਣ ਦੀ ਸਥਿਤੀ ਦੀ ਪੁਸ਼ਟੀ ਕਰਨ ਦੇ ਨਿਰਦੇਸ਼ ਦਿੱਤੇ ਹਨ।



# ਸ੍ਰੀਨਗਰ ਸਮੇਤ ਉੱਤਰੀ ਭਾਰਤ ਦੇ ਕਈ ਹਵਾਈ ਅੱਡੇ ਬੰਦ, ਉਡਾਣਾਂ ਰੱਦ

**ਸ੍ਰੀਨਗਰ।** ਭਾਰਤੀ ਫੌਜ ਵੱਲੋਂ ਅੱਜ ਵੱਡੇ ਤੜਕੇ ਪਾਕਿਸਤਾਨ ਤੇ ਮਕਬੂਜ਼ਾ ਕਸ਼ਮੀਰ ‘ਤੇ ਕੀਤੇ ਹਵਾਈ ਹਮਲਿਆਂ ਮਗਰੋਂ ਅਥਾਰਿਟੀਜ਼ ਨੇ ਸ੍ਰੀਨਗਰ ਸਣੇ ਉੱਤਰੀ ਭਾਰਤ ਦੇ ਕਈ ਹਵਾਈ ਅੱਡਿਆਂ ਨੂੰ ਬੰਦ ਕਰ ਦਿੱਤਾ ਹੈ।

ਸ੍ਰੀਨਗਰ ਏਅਰਪੋਰਟ ਅਥਾਰਿਟੀਜ਼ ਨੇ ਇਕ ਬਿਆਨ ਵਿਚ ਕਿਹਾ ਕਿ ਹਵਾਈ ਅੱਡੇ ਨੂੰ ਬੰਦ ਕਰ ਦਿੱਤਾ ਗਿਆ ਹੈ ਤੇ ਸ੍ਰੀਨਗਰ ਹਵਾਈ ਅੱਡੇ ਤੋਂ ਕੋਈ ਵੀ ਗੈਰਫੌਜੀ ਉਡਾਣ ਨਹੀਂ ਚੱਲੇਗੀ। ਇਸ ਦੌਰਾਨ ਕਈ ਏਅਰਲਾਈਨਾਂ ਨੇ ਵੀ ਯਾਤਰਾ ਐਡਵਾਈਜ਼ਰੀ ਜਾਰੀ ਕੀਤੀ ਹੈ।

ਏਅਰ ਇੰਡੀਆ ਨੇ ਕਿਹਾ ਕਿ ਮੌਜੂਦਾ ਸਥਿਤੀ ਦੇ ਮੱਦੇਨਜ਼ਰ ਹੋਰ ਅਪਡੇਟ ਆਉਣ ਤੱਕ ਉਸ ਨੇ 7 ਮਈ ਨੂੰ ਦੁਪਹਿਰ 12 ਵਜੇ ਤੱਕ ਜੰਮੂ, ਸ੍ਰੀਨਗਰ, ਲੇਹ, ਜੋਧਪੁਰ, ਅੰਮ੍ਰਿਤਸਰ, ਭੁਜ, ਜਾਮਨਗਰ, ਚੰਡੀਗੜ੍ਹ ਅਤੇ ਰਾਜਕੋਟ ਲਈ ਆਪਣੀਆਂ



ਸਾਰੀਆਂ ਉਡਾਣਾਂ ਰੱਦ ਕਰ ਦਿੱਤੀਆਂ ਹਨ।’’

ਏਅਰਲਾਈਨ ਨੇ ਐਕਸ ’ਤੇ ਕਿਹਾ, ‘‘ਅੰਮ੍ਰਿਤਸਰ ਜਾ ਰਹੀਆਂ ਦੋ ਕੌਮਾਂਤਰੀ ਉਡਾਣਾਂ ਨੂੰ ਦਿੱਲੀ ਵੱਲ ਮੋੜ ਦਿੱਤਾ ਗਿਆ ਹੈ। ਅਸੀਂ ਇਸ ਪ੍ਰੇਸ਼ਾਨੀ ਲਈ ਮੁਆਫੀ ਮੰਗਦੇ ਹਾਂ।’’

ਸਪਾਈਸ ਜੈੱਟ ਨੇ ਕਿਹਾ ਕਿ ਮੌਜੂਦਾ ਸਥਿਤੀ ਕਰਕੇ ਧਰਮਸ਼ਾਲਾ, ਲੇਹ, ਜੰਮੂ, ਸ੍ਰੀਨਗਰ ਅਤੇ ਅੰਮ੍ਰਿਤਸਰ ਸਮੇਤ ਉੱਤਰੀ ਭਾਰਤ ਦੇ ਕੁਝ ਹਿੱਸਿਆਂ ਵਿੱਚ ਹਵਾਈ ਅੱਡੇ ਅਗਲੇ ਨੋਟਿਸ ਤੱਕ ਬੰਦ ਹਨ। ਰਵਾਨਗੀ, ਆਗਮਨ ਅਤੇ ਨਤੀਜੇ ਵਜੋਂ ਉਡਾਣਾਂ ਪ੍ਰਭਾਵਿਤ ਹੋ ਸਕਦੀਆਂ ਹਨ।

ਇੰਡੀਗੋ ਨੇ ਵੀ ਕਿਹਾ ਕਿ ਹਵਾਈ ਖੇਤਰ ਦੀਆਂ ਪਾਬੰਦੀਆਂ ਦੇ ਕਾਰਨ, ਉਡਾਣ ਦੀ ਸਮਾਂ-ਸਾਰਣੀ ਪ੍ਰਭਾਵਿਤ ਹੋ ਸਕਦੀ ਹੈ। ਕਿਰਪਾ ਕਰਕੇ ਹਵਾਈ ਅੱਡੇ ‘ਤੇ ਜਾਣ ਤੋਂ ਪਹਿਲਾਂ ਆਪਣੀ ਉਡਾਣ ਦੀ ਸਥਿਤੀ ਦੀ ਜਾਂਚ ਲਈ ਜਾਵੇ।

## ਜੰਮੂ-ਕਸ਼ਮੀਰ ਦੇ ਪੁੰਛ ਜ਼ਿਲ੍ਹੇ ਵਿੱਚ ਨਿੱਜੀ ਯਾਤਰੀ ਬੱਸ ਖੱਡ ਵਿੱਚ ਡਿੱਗੀ, ਦੋ ਦੀ ਮੌਤ, 20 ਜ਼ਖਮੀ

**ਸ੍ਰੀਨਗਰ।** ਜੰਮੂ-ਕਸ਼ਮੀਰ ਦੇ ਪੁੰਛ ਜ਼ਿਲ੍ਹੇ ਵਿੱਚ ਮੰਗਲਵਾਰ ਨੂੰ ਇੱਕ ਨਿੱਜੀ ਯਾਤਰੀ ਬੱਸ ਖੱਡ ਵਿੱਚ ਡਿੱਗਣ ਕਾਰਨ ਦੋ ਲੋਕਾਂ ਦੀ ਮੌਤ ਹੋ ਗਈ ਅਤੇ 20 ਹੋਰ ਜ਼ਖ਼ਮੀ ਹੋ ਗਏ। ਇਸ ਤੋਂ ਪਹਿਲਾਂ ਐਤਵਾਰ ਨੂੰ ਰਾਮਬਨ ਜ਼ਿਲ੍ਹੇ ਵਿੱਚ ਇੱਕ ਵਾਹਨ ਸੜਕ ਤੋਂ ਕੰਟਰੋਲ ਗੁਆ ਬੈਠਾ ਸੀ। ਇਸ ਵਿੱਚ ਫ਼ੌਜ ਦੇ ਤਿੰਨ ਜਵਾਨ ਸ਼ਹੀਦ ਹੋ ਗਏ। ਗੱਡੀ ਸੜਕ ਤੋਂ ਫਿਸਲ ਗਈ ਅਤੇ 700 ਫੁੱਟ ਡੂੰਘੀ ਖੱਡ ਵਿੱਚ ਡਿੱਗ ਗਈ ਸੀ। ਮੰਗਲਵਾਰ ਨੂੰ ਹੋਏ ਹਾਦਸੇ ਵਿਚ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਅਤੇ 43 ਹੋਰ ਜ਼ਖਮੀ ਹੋ ਗਏ। ਬੱਸ ਸਵੇਰੇ 9:20 ਵਜੇ ਦੇ ਕਰੀਬ ਘਣੀ ਪਿੰਡ ਤੋਂ ਮੇਂਢਰ ਜਾ ਰਹੀ ਸੀ, ਜਦੋਂ ਡਰਾਈਵਰ ਨੇ ਕੰਟਰੋਲ ਗੁਆ ਦਿੱਤਾ। ਸਥਾਨਕ ਲੋਕਾਂ ਨੇ ਪੁਲਿਸ, ਫੌਜ ਅਤੇ ਸੀਆਰਪੀਐੱਫ ਦੇ ਜਵਾਨਾਂ ਨਾਲ ਮਿਲ ਰਾਹਤ ਕਾਰਜ ਸ਼ੁਰੂ ਕੀਤਾ।

ਜ਼ਖਮੀਆਂ ਵਿੱਚੋਂ ਅੱਠ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਬਲਾਕ ਮੈਡੀਕਲ ਅਫਸਰ ਮੇਂਢਰ ਅਸ਼ਫਾਕ ਚੌਧਰੀ ਨੇ ਕਿਹਾ ਕਿ ਗੰਭੀਰ ਜ਼ਖਮੀ ਨੌਂ ਵਿਅਕਤੀਆਂ ਵਿੱਚੋਂ ਪੰਜ



ਨੂੰ ਵਿਸ਼ੇਸ਼ ਇਲਾਜ ਲਈ ਸਰਕਾਰੀ ਮੈਡੀਕਲ ਕਾਲਜ (ਜੀਐਮਸੀ) ਹਸਪਤਾਲ ਜੰਮੂ ਰੈਫਰ ਕੀਤਾ ਗਿਆ ਹੈ। ਉਪ ਰਾਜਪਾਲ ਮਨੋਜ ਸਿਨਹਾ ਨੇ ਹਾਦਸੇ ਵਿਚ ਹੋਏ ਜਾਨੀ ਨੁਕਸਾਨ ’ਤੇ ਦੁੱਖ ਪ੍ਰਗਟ ਕੀਤਾ ਹੈ। ਜੰਮੂ-ਕਸ਼ਮੀਰ ਸਰਕਾਰ ਨੇ ਕਿਹਾ ਕਿ ਉਹ ਹਾਦਸੇ ਦੇ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਹਰ ਜ਼ਰੂਰੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

## ਪਹਿਲਗਾਮ ਅਤਿਵਾਦੀ ਹਮਲੇ ਵਿੱਚ ਮਾਰੇ ਗਏ 26 ਸੈਲਾਨੀਆਂ ਨੂੰ 'ਸ਼ਹੀਦ' ਐਲਾਨਣ ਦੀ ਮੰਗ

**ਚੰਡੀਗੜ੍ਹ।** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਵਿੱਚ ਮਾਰੇ ਗਏ 26 ਸੈਲਾਨੀਆਂ ਨੂੰ "ਸ਼ਹੀਦ" ਐਲਾਨਣ ਦੀ ਮੰਗ ਕਰਨ ਵਾਲੀ ਜਨਹਿੱਤ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਹੈ।




ਇਹ ਜਨਹਿੱਤ ਪਟੀਸ਼ਨ ਹਾਈ ਕੋਰਟ ਦੇ ਵਕੀਲ ਆਯੂਸ਼ ਆਹੂਜਾ ਦੁਆਰਾ ਦਾਇਰ ਕੀਤੀ ਗਈ ਸੀ। ਮਾਮਲੇ ਦੀ ਸੁਣਵਾਈ ਕਰਦੇ ਹੋਏ, ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੁਮਿਤ ਗੋਇਲ ਦੇ ਡਿਵੀਜ਼ਨ ਬੈਂਚ ਨੇ ਕਿਹਾ, "ਕੀ ਉਸਨੂੰ ਸ਼ਹੀਦ ਘੋਸ਼ਿਤ ਕਰਨਾ ਸੰਵਿਧਾਨ ਦੀ ਧਾਰਾ 226 ਦੇ ਅਧੀਨ ਆਉਂਦਾ ਹੈ ? ਇਸਦੀ ਇੱਕ ਉਦਾਹਰਣ ਦਿਓ। ਇਹ ਇੱਕ ਪ੍ਰਸ਼ਾਸਕੀ ਮਾਮਲਾ ਹੈ, ਨੀਤੀ ਦਾ ਮਾਮਲਾ ਹੈ, ਅਤੇ ਇਸਨੂੰ ਕਾਰਜਪਾਲਿਕਾ 'ਤੇ ਛੱਡ ਦੇਣਾ ਚਾਹੀਦਾ ਹੈ। ਕੀ ਅਸੀਂ ਇਹ ਕਰ ਸਕਦੇ ਹਾਂ?" ਪਟੀਸ਼ਨਕਰਤਾ ਆਹੂਜਾ ਨੇ ਦਲੀਲ ਦਿੱਤੀ ਕਿ ਮਾਰੇ ਗਏ ਮਾਸੂਮ ਸੈਲਾਨੀਆਂ ਨੂੰ ਅੱਤਵਾਦੀਆਂ ਨੇ ਧਾਰਮਿਕ ਆਧਾਰ 'ਤੇ ਨਿਸ਼ਾਨਾ ਬਣਾਇਆ ਸੀ। ਉਸਦੇ ਸਿਰ ਵਿੱਚ ਗੋਲੀ ਮਾਰੀ ਗਈ ਸੀ, ਉਸਨੇ ਇੱਕ ਸਿਪਾਹੀ ਵਾਂਗ ਇਸਦਾ ਸਾਹਮਣਾ ਕੀਤਾ, ਇਹ ਕਹਿੰਦੇ ਹੋਏ, ਉਸਨੇ ਅਦਾਲਤ ਨੂੰ ਅਪੀਲ ਕੀਤੀ ਕਿ ਉਸਨੂੰ ਸ਼ਹੀਦ ਦਾ ਦਰਜਾ ਦਿੱਤਾ ਜਾਵੇ। ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਵਧੀਕ ਸਾਲਿਸਟਰ ਜਨਰਲ ਸੱਤਿਆ ਪਾਲ ਜੈਨ ਨੇ ਪਟੀਸ਼ਨ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਪਟੀਸ਼ਨਕਰਤਾ ਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਹੈ ਕਿ ਭਾਰਤ ਸਰਕਾਰ ਕੀ ਕਦਮ ਚੁੱਕ ਰਹੀ ਹੈ। ਉਨ੍ਹਾਂ ਕਿਹਾ ਕਿ ਗ੍ਰਹਿ ਮੰਤਰੀ ਉਸੇ ਸ਼ਾਮ ਸ੍ਰੀਨਗਰ ਪਹੁੰਚ ਗਏ ਸਨ। ਅਸੀਂ ਸੰਭਾਵੀ ਯੁੱਧ ਦੀ ਸਥਿਤੀ ਵਿੱਚ ਹਾਂ ਅਤੇ ਇਸ ਸਮੇਂ ਅਜਿਹੇ ਮੁੱਦੇ ਉਠਾਉਣਾ ਉਚਿਤ ਨਹੀਂ ਹੈ। ਅਸੀਂ ਇਸ ਵੇਲੇ ਹੋਰ ਤਰਜੀਹਾਂ 'ਤੇ ਕੰਮ ਕਰ ਰਹੇ ਹਾਂ।

ਚੀਫ਼ ਜਸਟਿਸ ਸ਼ੀਲ ਨਾਗੂ ਨੇ ਕਿਹਾ ਕਿ ਜੇਕਰ ਕੋਈ ਸਿਪਾਹੀ ਸ਼ਹੀਦ ਵੀ ਹੋ ਜਾਂਦਾ ਹੈ, ਤਾਂ ਉਸਨੂੰ ਪੁਰਸਕਾਰ ਦੇਣ ਵਿੱਚ ਘੱਟੋ-ਘੱਟ ਇੱਕ ਸਾਲ ਦਾ ਸਮਾਂ ਲੱਗਦਾ ਹੈ। ਇਸ ਲਈ, ਪਟੀਸ਼ਨਕਰਤਾ ਨੂੰ ਇਸ ਮਾਮਲੇ ਵਿੱਚ ਫਿਲਹਾਲ ਇੰਤਜ਼ਾਰ ਕਰਨਾ ਚਾਹੀਦਾ ਹੈ। ਪਟੀਸ਼ਨ ਵਿੱਚ ਇਹ ਵੀ ਮੰਗ ਕੀਤੀ ਗਈ ਸੀ ਕਿ ਪਹਿਲਗਾਮ ਨੂੰ "ਸਮਾਰਕ ਸ਼ਹੀਦ ਹਿੰਦੂ ਵੈਲੀ ਟੂਰਿਸਟ ਸਾਈਟ" ਵਜੋਂ ਘੋਸ਼ਿਤ ਕੀਤਾ ਜਾਵੇ। ਸਾਰੀਆਂ ਧਿਰਾਂ ਨੂੰ ਸੁਣਨ ਤੋਂ ਬਾਅਦ, ਚੀਫ਼ ਜਸਟਿਸ ਸ਼ੀਲ ਨਾਗੂ ਨੇ ਕਿਹਾ ਕਿ ਉਹ ਇਸ 'ਤੇ ਹੁਕਮ ਪਾਸ ਕਰਨਗੇ ਅਤੇ ਅਦਾਲਤ ਨੇ ਫੈਸਲਾ ਸੁਰੱਖਿਅਤ ਰੱਖ ਲਿਆ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਰਾਏਕੋਟ ਨਾਲ ਸਬੰਧਤ ਡੀ.ਐਸ.ਸੀ. ਜਵਾਨ ਦੀ ਸ਼੍ਰੀਨਗਰ ਵਿਚ ਮੌਤ

**ਲੁਧਿਆਣਾ ।** ਰਾਏਕੋਟ ਦੇ ਪਿੰਡ ਐਤੀਆਣਾ ਦੇ ਵਸਨੀਕ ਫੌਜੀ ਸੂਬੇਦਾਰ ਹਰਵਿੰਦਰ ਸਿੰਘ (51) ਦੀ ਸ਼੍ਰੀਨਗਰ ’ਚ ਡਿਊਟੀ ਦੌਰਾਨ ਕਰੰਟ ਲੱਗਣ ਕਾਰਨ ਮੌਤ ਹੋ ਗਈ। ਸੂਬੇਦਾਰ ਹਰਵਿੰਦਰ ਸਿੰਘ ਫ਼ੌਜ ’ਚੋਂ ਸੇਵਾਮੁਕਤੀ ਉਪਰੰਤ ਡੀ.ਐਸ.ਸੀ. (ਡਿਫੈਂਸ ਸਕਿਉਰਿਟੀ ਕੋਰ) ’ਚ ਭਰਤੀ ਹੋਏ ਸਨ। ਇਸ ਸਬੰਧੀ ਜਾਣਕਾਰੀ ਦਿੰਦਿਆ ਪਿੰਡ ਦੇ ਸਾਬਕਾ ਸਰਪੰਚ ਲਖਬੀਰ ਸਿੰਘ ਨੇ ਦਸਿਆ ਕਿ ਪਿਛਲੇ ਮਹੀਨੇ ਦੀ 29 ਤਰੀਕ ਨੂੰ ਸੂਬੇਦਾਰ ਹਰਵਿੰਦਰ ਸਿੰਘ ਨੂੰ ਸ਼੍ਰੀਨਗਰ ਵਿਖੇ ਡਿਊਟੀ ਦੌਰਾਨ ਕਰੰਟ ਲੱਗ ਗਿਆ ਸੀ, ਜਿਸ ਦੇ ਚਲਦੇ ਇਹ ਕਾਫੀ ਗੰਭੀਰ ਜ਼ਖ਼ਮੀ ਹੋ ਗਏ ਸਨ ਅਤੇ ਪਿਛਲੇ ਤਕਰੀਬਨ ਅੱਠ ਦਿਨਾਂ ਤੋਂ ਸ਼੍ਰੀਨਗਰ ਵਿਖੇ ਹੀ ਮਿਲਟਰੀ ਹਸਪਤਾਲ (ਐੱਮ.ਐਚ.) ’ਚ ਜ਼ੇਰੇ ਇਲਾਜ ਸਨ ਪ੍ਰੰਤੂ ਉਹ ਬਚ ਨਹੀਂ ਸਕੇ। ਉਨ੍ਹਾਂ ਦਸਿਆ ਕਿ ਹਰਵਿੰਦਰ ਸਿੰਘ ਕੁੱਝ ਸਮਾਂ ਪਹਿਲਾਂ ਹੀ ਫ਼ੌਜ ’ਚੋਂ ਪੈਨਸ਼ਨ ਆਇਆ ਸੀ ਅਤੇ ਦੁਬਾਰਾ ਡਿਫੈਂਸ ਸਕਿਉਰਿਟੀ ਕੋਰ ’ਚ ਭਰਤੀ ਹੋ ਗਿਆ ਸੀ। ਉਨ੍ਹਾਂ ਦਸਿਆ ਕਿ ਹਰਵਿੰਦਰ ਸਿੰਘ ਅਪਣੇ ਪਿੱਛੇ ਅਪਣੇ ਪਿਤਾ ਮੇਜਰ ਸਿੰਘ, ਪਤਨੀ



ਬਲਵਿੰਦਰ ਕੌਰ, ਇਕ ਲੜਕਾ ਅਤੇ ਦੋ ਲੜਕੀਆਂ ਛੱਡ ਗਿਆ ਹੈ, ਜਦਕਿ ਸੂਬੇਦਾਰ ਹਰਵਿੰਦਰ ਸਿੰਘ ਦੀ ਮ੍ਰਿਤਕ ਦੇਹ ਭਲਕੇ ਜੱਦੀ ਪਿੰਡ ਐਤੀਆਣਾ ਵਿਖੇ ਪੁੱਜਣ ਤੇ ਅੰਤਿਮ ਸਸਕਾਰ ਕੀਤਾ ਜਾਵੇਗਾ। ਸੂਬੇਦਾਰ ਹਰਵਿੰਦਰ ਸਿੰਘ ਦੀ ਮੌਤ ਦੀ ਖ਼ਬਰ ਸੁਣਨ ਤੋਂ ਬਾਅਦ ਪਿੰਡ ਤੇ ਇਲਾਕੇ ਵਿਚ ਸੋਗ ਦੀ ਲਹਿਰ ਦੌੜ ਗਈ।

## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਐੱਸਬੀਐੱਸ ਨਗਰ ਦੇ ਜੰਗਲ ’ਚੋਂ ਹਥਿਆਰਾਂ ਦਾ ਜ਼ਖ਼ੀਰਾ ਬਰਾਮਦ



**ਅੰਮ੍ਰਿਤਸਰ।** ਪੰਜਾਬ ਪੁਲੀਸ ਦੇ ਸਟੇਟ ਸਪੈਸ਼ਲ ਅਪਰੇਸ਼ਨ ਸੈੱਲ (ਐੱਸਐੱਸਓਸੀ) ਅੰਮ੍ਰਿਤਸਰ ਅਤੇ ਕੇਂਦਰੀ ਏਜੰਸੀ ਨੇ ਖੁਫੀਆ ਅਪਰੇਸ਼ਨ ਤਹਿਤ ਐੱਸਬੀਐੱਸ ਨਗਰ ਦੇ ਟਿੱਬਾ ਨੰਗਲ-ਕੁਲਾਰ ਰੋਡ ਨੇੜਲੇ ਜੰਗਲੀ ਖੇਤਰ ਵਿੱਚੋਂ ਹਥਿਆਰਾਂ ਦਾ ਜ਼ਖੀਰਾ ਬਰਾਮਦ ਕੀਤਾ। ਇਹ ਜਾਣਕਾਰੀ ਡੀਜੀਪੀ ਗੌਰਵ ਯਾਦਵ ਨੇ ਦਿੱਤੀ। ਜ਼ਖੀਰੇ ਵਿੱਚ ਦੋ ਰਾਕੇਟ ਪਰੋਪੈਲਡ ਗ੍ਰਨੇਡ (ਆਰਪੀਜੀ), ਦੋ ਇੰਪਰੋਵਾਈਜ਼ਡ ਐਕਸਪਲੋਸਿਵ ਡਿਵਾਈਸ (ਆਈਈਡੀ), ਪੰਜ ਪੀ-86 ਹੈਂਡ ਗ੍ਰਨੇਡ ਅਤੇ ਸਹਾਇਕ ਉਪਕਰਨਾਂ ਸਣੇ ਵਾਇਰਲੈੱਸ ਸੈੱਟ ਸ਼ਾਮਲ ਹੈ। ਡੀਜੀਪੀ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਕਿ ਹਥਿਆਰਾਂ ਦੀ ਖੇਪ ਨੂੰ ਸੂਬੇ ਵਿੱਚ ਦਹਿਸ਼ਤ ਫੈਲਾਉਣ ਲਈ ਛੁਪਾਇਆ ਗਿਆ ਸੀ।ਉਨ੍ਹਾਂ ਕਿਹਾ ਕਿ ਜਾਂਚ ਵਿੱਚ ਪਾਕਿਸਤਾਨ ਦੀ ਆਈਐੱਸਆਈ ਅਤੇ ਸਹਿਯੋਗੀ ਅਤਿਵਾਦੀ ਸੰਗਠਨਾਂ ਵੱਲੋਂ ਸੂਬੇ ਵਿੱਚ ਸਲੀਪਰ ਸੈੱਲਾਂ ਨੂੰ ਮੁੜ ਸਰਗਰਮ ਕਰਨ ਦੇ ਸੰਭਾਵੀ ਯਤਨਾਂ ਦਾ ਵੀ ਸੰਕੇਤ ਮਿਲਿਆ ਹੈ। ਇਹ ਬਰਾਮਦਗੀ ਐੱਸਐੱਸਓਸੀ, ਅੰਮ੍ਰਿਤਸਰ ਵੱਲੋਂ ਅਜਨਾਲਾ ਸੈਕਟਰ ਵਿੱਚ ਭਾਰਤ-ਪਾਕਿਸਤਾਨ ਸਰਹੱਦ ਦੇ ਨੇੜੇ ਇੱਕ ਖੇਤਰ ਤੋਂ ਆਈਈਡੀ, ਹੈਂਡ ਗ੍ਰਨੇਡ, ਆਧੁਨਿਕ ਹਥਿਆਰ ਅਤੇ ਗੋਲੀ ਸਿੱਕੇ ਦੀ ਖੇਪ ਬਰਾਮਦ ਕਰਨ ਤੋਂ ਕੁਝ ਦਿਨ ਬਾਅਦ ਸਾਹਮਣੇ ਆਈ ਹੈ। ਐੱਸਐੱਸਓਸੀ ਅੰਮ੍ਰਿਤਸਰ ਦੇ ਏਆਈਜੀ ਸੁਖਮਿੰਦਰ ਸਿੰਘ ਮਾਨ ਨੇ ਕਿਹਾ ਕਿ ਇਸ ਸਬੰਧੀ ਅੰਮ੍ਰਿਤਸਰ ਦੇ ਪੁਲੀਸ ਥਾਣਾ ਐੱਸਐੱਸਓਸੀ ਵਿੱਚ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਬਰਾਮਦ ਕੀਤੀ ਗਈ ਵਿਸਫੋਟਕ ਸਮੱਗਰੀ ਨੂੰ ਛੁਪਾਉਣ ਲਈ ਜ਼ਿੰਮੇਵਾਰ ਲੋਕਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਕਾਬੂ ਕਰਨ ਲਈ ਜਾਂਚ ਜਾਰੀ ਹੈ।

# ਅਮਰੀਕਾ ’ਚ ਕਿਸ਼ਤੀ ਪਲਟਣ ਕਾਰਨ ਤਿੰਨ ਹਲਾਕ

**ਨਿਊਯਾਰਕ।**ਅਮਰੀਕਾ ਦੇ ਸਾਂ ਡੀਏਗੋ ਸ਼ਹਿਰ ਨੇੜੇ ਪ੍ਰਸ਼ਾਂਤ ਮਹਾਸਾਗਰ ਵਿੱਚ ਪਰਵਾਸੀਆਂ ਨੂੰ ਲਿਜਾ ਰਹੀ ਇੱਕ ਛੋਟੀ ਕਿਸ਼ਤੀ ਪਲਟਣ ਕਾਰਨ ਤਿੰਨ ਜਣਿਆਂ ਦੀ ਮੌਤ ਹੋ ਗਈ, ਜਦੋਂਕਿ ਦੋ ਭਾਰਤੀ ਬੱਚਿਆਂ ਸਮੇਤ ਸੱਤ ਹੋਰ ਲਾਪਤਾ ਹਨ। ਘੱਟੋ-ਘੱਟ 16 ਜਣਿਆਂ ਨੂੰ ਲਿਜਾ ਰਹੀ ਕਿਸ਼ਤੀ ਸੋਮਵਾਰ ਨੂੰ ਕੈਲੀਫੋਰਨੀਆ ਦੇ ਸਾਂ ਡੀਏਗੋ ਸ਼ਹਿਰ ਤੋਂ ਲਗਪਗ 24 ਕਿਲੋਮੀਟਰ ਉੱਤਰ ਵਿੱਚ ‘ਟੋਰੀ ਪਾਈਨਜ਼ ਸਟੇਟ ਬੀਚ’ ਨੇੜੇ ਪਲਟ ਗਈ। ਅਮਰੀਕੀ ਤੱਟ ਰੱਖਿਅਕ ਬਲ ਨੇ ਬਿਆਨ ਵਿੱਚ ਕਿਹਾ, ‘‘ਸਾਂ ਡੀਏਗੋ ਖੇਤਰ ਵਿੱਚ ਤੱਟ ਰੱਖਿਅਕ ਟੀਮਾਂ ਨੂੰ ਸਵੇਰੇ ਲਗਪਗ ਸਾਢੇ ਛੇ ਵਜੇ ਇੱਕ ਕਿਸ਼ਤੀ ਦੇ ਡੁੱਬਣ ਦੀ ਸੂਚਨਾ ਮਿਲੀ। ਤਿੰਨ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ ਅਤੇ ਚਾਰ ਨੂੰ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ।

# ਪਾਕਿ ਦਹਿਸ਼ਤੀ ਕੈਂਪਾਂ ਉੱਤੇ ‘ਹਵਾਈ ਹਮਲੇ: ਡੋਵਾਲ ਨੇ ਅਮਰੀਕੀ ਵਿਦੇਸ਼ ਮੰਤਰੀ ਨੂੰ ਦਿੱਤੀ ਜਾਣਕਾਰੀ



**ਨਵੀਂ ਦਿੱਲੀ।** ਭਾਰਤ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਆਪਣੇ ਅਮਰੀਕੀ ਹਮਰੁਤਬਾ ਅਤੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੂੰ ਪਾਕਿਸਤਾਨ ਵਿੱਚ ਭਾਰਤੀ ਹਥਿਆਰਬੰਦ ਬਲਾਂ ਵੱਲੋਂ ਨੌਂ ਦਹਿਸ਼ਤੀ ਕੈਂਪਾਂ ‘ਤੇ ਕੀਤੀ ਗਈ ਕਾਰਵਾਈ ਬਾਰੇ ਜਾਣਕਾਰੀ ਦਿੱਤੀ ਹੈ। ਅਮਰੀਕਾ ਵਿੱਚ ਭਾਰਤੀ ਦੂਤਾਵਾਸ ਨੇ ਇੱਕ ਬਿਆਨ ਵਿੱਚ ਕਿਹਾ, ‘‘ਹਮਲਿਆਂ ਤੋਂ ਥੋੜ੍ਹੀ ਦੇਰ ਬਾਅਦ, ਐੱਨਐੱਸਏ ਅਜੀਤ ਡੋਵਾਲ ਨੇ ਆਪਣੇ ਅਮਰੀਕੀ ਹਮਰੁਤਬਾ ਅਤੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨਾਲ ਗੱਲ ਕੀਤੀ ਅਤੇ ਉਨ੍ਹਾਂ ਨੂੰ ਕੀਤੀਆਂ ਗਈਆਂ ਕਾਰਵਾਈਆਂ ਬਾਰੇ ਜਾਣਕਾਰੀ ਦਿੱਤੀ।’’ਭਾਰਤ ਨੇ ਬੁੱਧਵਾਰ ਵੱਡੇ ਤੜਕੇ ਕੀਤੇ ਮਿਜ਼ਾਈਲ ਹਮਲਿਆਂ ਵਿੱਚ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ (ਪਾਕਿਸਤਾਨ ਦੇ ਕਬਜ਼ੇ ਵਾਲੇ ਜੰਮੂ ਅਤੇ ਕਸ਼ਮੀਰ) ਵਿਚਲੇ ਦਹਿਸ਼ਤੀ ਢਾਂਚੇ ਨੂੰ ਨਿਸ਼ਾਨਾ ਬਣਾਇਆ ਗਿਆ। ਰੱਖਿਆ ਮੰਤਰਾਲੇ ਮੁਤਾਬਕ ਸਰਹੱਦ ਪਾਰ ਦਹਿਸ਼ਤੀ ਯੋਜਨਾਬੰਦੀ ਦੀਆਂ ਜੜ੍ਹਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਦਹਿਸ਼ਤਗਰਦਾਂ ਦੇ ਨੌਂ ਬੁਨਿਆਦੀ ਢਾਂਚਿਆਂ ਨੂੰ ਮੁੱਖ ਰੱਖ ਕੇ ਹਮਲੇ ਕੀਤੇ ਗਏ।ਅਮਰੀਕਾ ਵਿੱਚ ਭਾਰਤੀ ਦੂਤਾਵਾਸ ਨੇ ਕਿਹਾ ਕਿ ਭਰੋਸੇਯੋਗ ਸੁਰਾਗ, ਤਕਨੀਕੀ ਖੁਫੀਆ ਜਾਣਕਾਰੀ, ਬਚੇ ਹੋਏ ਲੋਕਾਂ ਦੀਆਂ ਗਵਾਹੀਆਂ ਅਤੇ ਹੋਰ ਸਬੂਤ ਇਕੱਠੇ ਕੀਤੇ ਗਏ ਹਨ, ਜਿਨ੍ਹਾਂ ਰਾਹੀਂ ਭਾਰਤ ਨੇ ਪਹਿਲਗਾਮ ਹਮਲੇ ਨੂੰ ਅੰਜਾਮ ਦੇਣ ਵਿੱਚ ਪਾਕਿਸਤਾਨ ਸਥਿਤ ਅਤਿਵਾਦੀਆਂ ਦੀ ਸ਼ਮੂਲੀਅਤ ਦੀ ਪਛਾਣ ਕੀਤੀ ਹੈ। ਬਿਆਨ ਵਿਚ ਲਿਖਿਆ ਗਿਆ ਹੈ, ‘‘ਇਹ ਉਮੀਦ ਕੀਤੀ ਜਾ ਰਹੀ ਸੀ ਕਿ ਪਾਕਿਸਤਾਨ ਅਤਿਵਾਦੀਆਂ ਅਤੇ ਉਨ੍ਹਾਂ ਦਾ ਸਮਰਥਨ ਕਰਨ ਵਾਲੇ ਬੁਨਿਆਦੀ ਢਾਂਚੇ ਵਿਰੁੱਧ ਕਾਰਵਾਈ ਕਰੇਗਾ। ਇਸ ਦੀ ਬਜਾਏ, ਪਿਛਲੇ ਪੰਦਰਵਾੜੇ ਦੌਰਾਨ, ਪਾਕਿਸਤਾਨ ਨੇ ਇਨਕਾਰ ਕੀਤਾ ਹੈ ਅਤੇ ਭਾਰਤ ਵਿਰੁੱਧ ਝੂਠੇ ਫਲੈਗ ਓਪਰੇਸ਼ਨਾਂ ਦੇ ਦੋਸ਼ ਲਗਾਏ ਹਨ।’’


SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਪੁਲਿਸ ਵੱਲੋਂ ਕਿਸਾਨ ਆਗੂ ਕਸ਼ਮੀਰ ਸਿੰਘ ਪੰਨੂ ਘਰੋਂ ਗ੍ਰਿਫਤਾਰ ਕਰਨ ਤੋਂ ਬਾਅਦ ਰਿਹਾਅ, ਕਿਸਾਨ ਜਥੇਬੰਦੀਆਂ ਵੱਲੋਂ ਥਾਣਾ ਮਹਿਤਪੁਰ ਵਿਸ਼ਾਲ ਧਰਨਾ

## ਪੰਜਾਬ ਸਰਕਾਰ ਦੀਆਂ ਹਦਾਇਤਾਂ ਤੇ ਹੋਈ ਕਾਰਵਾਈ – ਡੀ ਐਸ ਪੀ ਬਰਾੜ






**ਮਹਿਤਪੁਰ ( ਹਰਜਿੰਦਰ ਸਿੰਘ ਚੰਦੀ)-** ਪੰਜਾਬ ਸਰਕਾਰ ਦੀਆਂ ਹਦਾਇਤਾਂ ਤੇ ਅਮਲ ਕਰਦਿਆਂ ਮਹਿਤਪੁਰ ਪੁਲਿਸ ਪ੍ਰਸ਼ਾਸਨ ਵਲੋਂ ਬੀਕੇਯੂ ਦੁਆਬਾ ਦੇ ਪ੍ਰਧਾਨ ਕਸ਼ਮੀਰ ਸਿੰਘ ਪੰਨੂ ਤੰਦਾਉਰਾ ਨੂੰ ਪੁਲਿਸ ਵੱਲੋਂ ਉਸ ਵਖ਼ਤ ਹਿਰਾਸਤ ਵਿਚ ਲੈ ਲਿਆ ਜਦੋਂ ਕਸ਼ਮੀਰ ਸਿੰਘ ਪੰਨੂ ਕਿਸਾਨ ਜਥੇਬੰਦੀਆਂ ਦੇ ਸੱਦੇ ਤੇ ਸ਼ੰਭੂ ਬਾਰਡਰ ਤੇ ਲਗਾਏ ਜਾ ਰਹੇ ਧਰਨੇ ਦੀ ਤਿਆਰੀ ਕਰ ਰਹੇ ਸਨ। ਪੁਲਿਸ ਵੱਲੋਂ ਪੰਨੂ ਉਨ੍ਹਾਂ ਦੇ ਘਰ ਤੰਦਾਉਰਾ ਵਿਖੇ ਨਜ਼ਰਬੰਦ ਕਰਨ ਤੋਂ ਬਾਅਦ ਥਾਣਾ ਮਹਿਤਪੁਰ ਵਿਖੇ ਲਿਆਂਦਾ ਤਾਂ ਇਸ ਦੀ ਭਿਣਕ ਇਲਾਕੇ ਦੀਆਂ ਕਿਸਾਨ ਜਥੇਬੰਦੀਆਂ ਨੂੰ ਲਗਦੇ ਸਾਰ ਜਥੇਬੰਦੀਆਂ ਵੱਲੋਂ ਥਾਣਾ ਮਹਿਤਪੁਰ ਅੱਗੇ ਦਰੀਆਂ ਵਿਛਾ ਕੇ ਵਿਸ਼ਾਲ ਧਰਨਾ ਲਗਾ ਦਿੱਤਾ ਅਤੇ ਗਿਰਫ਼ਤਾਰ ਕੀਤੇ ਸਾਥੀ ਦੀ ਤੁਰੰਤ ਰਿਹਾਈ ਲਈ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਇਸ ਮੌਕੇ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਸ਼ਮੀਰ ਸਿੰਘ ਪੰਨੂ ਨੂੰ ਪੁਲਿਸ ਵੱਲੋਂ ਘਰ ਤੋਂ ਹਿਰਾਸਤ ਵਿਚ ਲਿਆ ਗਿਆ ਹੈ ਉਨ੍ਹਾਂ ਕਿਹਾ ਕਿ ਪੰਨੂ ਨਾ ਤਾਂ ਕਿਸੇ ਧਰਨੇ ਨੂੰ ਸੰਬੋਧਨ ਕਰ ਰਹੇ ਸਨ ਅਤੇ ਨਾ ਹੀ ਰਸਤਾ ਰੋਕ ਕੇ ਕਿਸੇ ਕਨੂੰਨ ਦੀ ਉਲੰਘਣਾ ਕਰ ਰਹੇ ਸਨ। ਆਗੂਆਂ ਨੇ ਕਿਹਾ ਕਿ ਅਸੀਂ ਪੰਜਾਬ ਸਰਕਾਰ ਨੂੰ ਪੁਛਣਾ ਚਾਹੁੰਦੇ ਹਾਂ ਕਿ ਕਿਸਾਨ ਆਗੂ ਨੂੰ ਘਰ ਤੋਂ ਹਿਰਾਸਤ ਵਿਚ ਲੈ ਕੇ ਕਿਸ ਕਨੂੰਨ ਤਹਿਸੀਲ ਕਾਰਵਾਈ ਕੀਤੀ ਜਾ ਰਹੀ ਹੈ। ਇਸ ਮੌਕੇ ਸ਼ਾਹਕੋਟ ਤੋਂ ਉਚੇਚੇ ਤੌਰ ਤੇ ਪੁੱਜੇ ਡੀ ਐਸ ਪੀ ਓਂਕਾਰ ਸਿੰਘ ਬਰਾੜ ਵੱਲੋਂ ਕਿਸਾਨ ਆਗੂਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਕਿਸਾਨ ਆਗੂ ਕਸ਼ਮੀਰ ਸਿੰਘ ਪੰਨੂ ਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਵਿਭਾਗੀ ਕਾਰਵਾਈ ਅਮਲ ਵਿਚ ਲਿਆਂਦੀ ਗਈ ਹੈ। ਉਨ੍ਹਾਂ ਕਿਹਾ ਕਿ ਸਾਰੇ ਪੰਜਾਬ ਵਿੱਚ ਕਿਸਾਨ ਆਗੂਆਂ ਦੀਆਂ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਕਿਸੇ ਕੀਮਤ ਤੇ ਰੋਡ ਜਾਮ ਕਰਕੇ ਜੰਨਤਾਂ ਨੂੰ



ਪ੍ਰੇਸ਼ਾਨ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਜਥੇਬੰਦੀਆਂ ਨੂੰ ਅਨੁਸ਼ਾਸਨ ਵਿਚ ਰਹਿ ਕੇ ਆਪਣੀਆਂ ਮੰਗਾਂ ਲਈ ਸੰਘਰਸ਼ ਕਰਨਾ ਚਾਹੀਦਾ ਹੈ ਰਾਹਗੀਰਾਂ ਨੂੰ ਰੁਕਾਵਟਾਂ ਪਾ ਕੇ ਕਿਸੇ ਕੀਮਤ ਤੇ ਜਨਤਾਂ ਦੀ ਹਮਦਰਦੀ ਨਹੀਂ ਮਿਲ ਸਕਦੀ। ਇਸ ਮੌਕੇ ਬਣਦੀ ਵਿਭਾਗੀ ਕਾਰਵਾਈ ਤੋਂ ਬਾਅਦ ਬੀਕੇਯੂ ਪੰਜਾਬ ਦੇ ਬਲਾਕ ਪ੍ਰਧਾਨ ਕਸ਼ਮੀਰ ਸਿੰਘ ਪੰਨੂ ਨੂੰ ਰਿਹਾਅ ਕਰ ਦਿੱਤਾ ਗਿਆ। ਸਾਥੀ ਦੀ ਰਿਹਾਈ ਮੌਕੇ ਕਿਸਾਨ ਆਗੂਆਂ ਵੱਲੋਂ ਜੈਕਾਰਿਆਂ ਨਾਲ ਸਵਾਗਤ ਕਰਦਿਆਂ ਆਖਿਆ ਕਿ ਸੰਘਰਸ਼ ਸਾਡਾ ਹੱਕ ਹੈ ਹਰ ਨਾਗਰਿਕ ਆਪਣੇ ਨਾਲ ਹੋ ਰਹੀ ਜ਼ਿਆਦਤੀ ਲਈ ਸੰਘਰਸ਼ ਕਰ ਸਕਦਾ ਹੈ ਇਨਕਲਾਬ ਦਾ ਜਨਮ ਸੰਘਰਸ਼ ਤੋਂ ਬਿਨਾਂ ਨਹੀਂ ਹੋ ਸਕਦਾ। ਸੰਘਰਸ਼ ਸਾਡਾ ਜਨਮ ਸਿੱਧ ਅਧਿਕਾਰ ਹੈ ਅਤੇ ਅਧਿਕਾਰਾ ਦੀ ਰਾਖੀ ਲਈ ਸੰਘਰਸ਼ ਸਦਾ ਜਾਰੀ ਰਹੇਗਾ। ਇਸ ਨੂੰ ਨਾ ਅੱਜ ਤੱਕ ਕੋਈ ਸਰਕਾਰ ਦਬਾ ਸਕੀ ਹੈ ਅਤੇ ਨਾ ਦਬਾ ਸਕੇਗੀ। ਇਸ ਮੌਕੇ ਬੀਕੇਯੂ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਗੋਬਿੰਦਪੁਰ, ਬੀਕੇਯੂ ਪੰਜਾਬ ਦੇ ਕੋਰ ਕਮੇਟੀ ਮੈਂਬਰ ਨਰਿੰਦਰ ਸਿੰਘ ਬਾਜਵਾ, ਬੀਕੇਯੂ ਪੰਜਾਬ ਦੇ ਤਹਿਸੀਲ ਪ੍ਰਧਾਨ ਗੁਰਦੀਪ ਸਿੰਘ, ਬੀਕੇਯੂ ਦੁਆਬਾ ਦੇ ਨਰਿੰਦਰ ਸਿੰਘ ਮੰਡਿਆਲਾ, ਕੁਲ ਹਿੰਦ ਕਿਸਾਨ ਆਗੂ ਸੰਦੀਪ ਅਰੋੜਾ, ਦਿਲਬਾਗ ਸਿੰਘ ਚੰਦੀ, ਕਿਸਾਨ ਆਗੂ ਮਹਿੰਦਰ ਪਾਲ ਸਿੰਘ ਟੁਰਨਾ, ਰਛਪਾਲ ਸਿੰਘ ਥੰਡੂ, ਸਾਬਕਾ ਸਰਪੰਚ ਕਸ਼ਮੀਰ ਸਿੰਘ ਰੋਲੀ ਆਦਿ ਕਿਸਾਨ ਬੁਲਾਰਿਆਂ ਵੱਲੋਂ ਸੰਬੋਧਨ ਕੀਤਾ ਗਿਆ।

# ਐਡਵੋਕੇਟ ਘੁੰਮਣ ਦੀ ਸੂਝਬੂਝ ਨਾਲ ਟਲਿਆ, ਦੋ ਸਮੁਦਾਏ ਦੇ ਲੋਕਾਂ ਵਿਚਕਾਰ ਹੋਣ ਵਾਲਾ ਟਕਰਾਅ

## ਲੋਕ ਮਸੀਹਾ ਬਣ ਵਿਚਰ ਰਹੇ ਹਨ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਬੀਤੇ ਦਿਨ ਇਲਾਕਾ ਜਵਾਹਰ ਨਗਰ ਕੈਂਪ ਵਿਖੇ ਦੋ ਸਮੁਦਾਇ ਅਤੇ ਇਲਾਕਾ ਨਿਵਾਸੀਆਂ ਵਿਚਾਰ ਹੋਣ ਵਾਲਾ ਟਕਰਾਅ ਇਸ ਲਈ ਬਚ ਗਿਆ ਕਿਉਂ ਕਿ ਮੌਕੇ ਤੇ ਪਹੁੰਚ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਉਮੀਦਵਾਰ ਸ਼੍ਰੋਮਣੀ ਅਕਾਲੀ ਦਲ ਹਲਕਾ ਪੱਛਮੀ ਉੱਪ ਚੋਣ ਨੇ ਲੋਕਾਂ ਦੀ ਸਮੱਸਿਆ ਸੁਣਨ ਤੋਂ ਬਾਅਦ 10 ਫੁੱਟ ਦੇ ਕਰੀਬ ਪੁੱਟੇ ਗਏ ਗਹਿਰਾ ਖੱਡੇ ਨੂੰ ਦੁਬਾਰਾ ਤੋਂ ਭਰਿਆ ਗਿਆ। ਮਾਮਲਾ ਇਹ ਸੀ ਕਿ ਬੀਤੇ ਦਿਨ ਜਵਾਹਰ ਨਗਰ ਕੈਂਪ ਵਿਖੇ ਬਿਨਾਂ ਕਿਸੇ ਟੈਂਡਰ ਤੋਂ ਗੈਰ ਕਾਨੂੰਨੀ ਢੰਗ ਨਾਲ ਗੇਟ ਲਗਾਏ ਜਾ ਰਹੇ ਸਨ ਜਿਸ ਦਾ ਵਿਰੋਧ ਇਲਾਕਾ ਨਿਵਾਸੀਆਂ ਵੱਲੋਂ ਕੀਤਾ ਜਾ ਰਿਹਾ ਸੀ। ਇਲਾਕੇ ਦੇ ਹੀ ਬਲਵਿੰਦਰ ਡੁਲਗੱਚ ਵੱਲੋਂ ਜਦੋਂ ਇਹ ਮਾਮਲਾ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਦੇ ਧਿਆਨ ਵਿੱਚ ਲਿਆਂਦਾ ਤਾਂ ਮੌਕੇ ਤੇ ਪਹੁੰਚ ਕੇ ਐਡਵੋਕੇਟ ਘੁੰਮਣ ਨੇ ਇਲਾਕਾ ਨਿਵਾਸੀਆਂ ਦੀ ਗੱਲ ਸੁਣਨ ਤੋਂ ਬਾਅਦ ਸੰਬੰਧਤ ਮਹਿਕਮੇ ਦੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕੋਲ ਕੋਈ ਸਹੀ ਜਵਾਬ ਨਹੀਂ ਸੀ। ਘੁੰਮਣ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਗੇਟ ਹਲਕੇ ਦੀ ਉੱਪ ਚੋਣ ਨੂੰ ਲੈ ਕੇ ਕਿਸੇ ਇੱਕ ਸਮੁਦਾਏ ਦੇ ਲੋਕਾਂ ਨੂੰ ਖੁਸ਼ ਕਰਨ ਲਈ ਲਗਾਇਆ ਜਾ ਰਿਹਾ ਸੀ ਜਦ ਕਿ ਦੂਜੇ ਪਾਸੇ ਇਲਾਕੇ ਦੇ ਲੋਕ ਇਸ ਦਾ ਵਿਰੋਧ ਕਰ ਰਹੇ




ਪੁੱਟੇ ਗਏ ਟੋਏ ਨੂੰ ਖੁੱਦ ਪੂਰਦੇ ਹੋਏ ਐਡਵੋਕੇਟ ਪ੍ਰਉਪਕਾਰ ਸਿੰਘ ਘੁੰਮਣ ਉਮੀਦਵਾਰ ਸ਼੍ਰੋਮਣੀ ਅਕਾਲੀ ਦਲ।

ਸਨ। ਉਹਨਾਂ ਕਿਹਾ ਕਿ ਮੌਜੂਦਾ ਸੂਬਾ ਸਰਕਾਰ ਦੇ ਕਾਰਜਕਾਲ ਦੌਰਾਨ ਪਹਿਲਾਂ ਹੀ ਲਾਅ ਐਂਡ ਆਰਡਰ ਦੀ ਸਥਿਤੀ ਨਾ ਬਰਾਬਰ ਹੈ। ਦੂਜੇ ਪਾਸੇ ਮੌਜੂਦਾ ਸਰਕਾਰ ਦੇ ਹਲਕਾ ਪੱਛਮੀ ਤੋਂ ਚੋਣ ਮੈਦਾਨ ਵਿੱਚ ਉਤਾਰੇ ਉਮੀਦਵਾਰ ਨੇ ਹਲਕਾ ਪੱਛਮੀ ਦੀ ਚੋਣ ਨੂੰ ਜਿੱਤਣ ਲਈ ਕਾਨੂੰਨ ਨੂੰ ਛਿੱਕੇ ਟੰਗਿਆ ਹੋਇਆ ਹੈ। ਉਹਨਾਂ ਕਿਹਾ ਕਿ ਜੇਕਰ ਇਸ ਮਾਮਲੇ ਨੂੰ ਸੂਝਬੂਝ ਨਾਲ ਨਾ ਸੁਲਝਾਇਆ ਜਾਂਦਾ ਤਾਂ ਇੱਥੇ ਦੋ ਸਮੁਦਾਏ ਦੇ ਲੋਕਾਂ ਵਿਚਕਾਰ ਖ਼ੂਨੀ ਟਕਰਾਅ ਹੋਣਾ ਸੁਭਾਵਿਕ ਸੀ। ਉਨ੍ਹਾਂ ਕਿਹਾ ਕਿ ਚੋਣਾਂ ਜਿੱਤਣ ਲਈ ਇੱਕ ਵੀਜ਼ਨ ਤੇ ਕੰਮ ਕਰਨ ਦੀ ਲੋੜ ਹੁੰਦੀ ਹੈ ਨਾ ਕਿ ਲੋਕਾਂ ਵਿਚਕਾਰ ਟਕਰਾਓ ਕਰਵਾ ਕੇ ਜਿੱਤੀ ਜਾ ਸਕਦੀ ਹੈ। ਇਸ ਮੌਕੇ ਬਲਵਿੰਦਰ ਡੁਲਗੱਚ ਨੇ ਕਿਹਾ ਕਿ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਉਮੀਦਵਾਰ ਸ਼੍ਰੋਮਣੀ ਅਕਾਲੀ ਦਲ ਉੱਪ ਚੋਣ ਹਲਕਾ ਪੱਛਮੀ ਲੋਕਾਂ ਦੇ ਮਸੀਹਾ ਬਣ ਲੋਕਾਂ ਵਿੱਚ ਵਿਚਰ ਰਹੇ ਹਨ। ਉਨ੍ਹਾਂ ਕਿਹਾ ਕਿ ਐਡਵੋਕੇਟ ਘੁੰਮਣ ਦੀ ਸੂਝਬੂਝ ਨਾਲ ਜਵਾਹਰ ਨਗਰ ਕੈਂਪ ਵਿਖੇ ਦੋ ਸਮੁਦਾਏ ਦੇ ਲੋਕਾਂ ਵਿਚਕਾਰ ਹੋਣ ਵਾਲਾ ਟਕਰਾਅ ਟੱਲ ਗਿਆ ਜਿਸ ਲਈ ਅਸੀ ਘੁੰਮਣ ਸਹਿਬ ਦਾ ਧੰਨਵਾਦ ਕਰਦੇ ਹਾਂ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਫਿਲੀਪਾਈਨ ਵਿੱਚ ਭਾਰਤੀ ਰਾਜਦੂਤ ਨਾਲ ਸੰਤ ਸੀਚੇਵਾਲ ਨੇ ਕੀਤੀ ਮੁਲਾਕਾਤ

**● ਸਿੱਖਾਂ ਨੂੰ ਹੈਲਮੇਟ ਪਾਉਣ ਲਈ ਮਜ਼ਬੂਰ ਕੀਤੇ ਜਾਣ ਦਾ ਚੁੱਕਿਆ ਮੁੱਦਾ ● ਪਾਸਪੋਰਟ ਸਮੇਤ ਹੋਰ ਮਾਮਲਿਆਂ ਵਿੱਚ ਆ ਰਹੀਆਂ ਸਮੱਸਿਆਵਾਂ 'ਤੇ ਕੀਤੀ ਚਰਚਾ ● ਰਾਜਦੂਤ ਵੱਲੋਂ ਸੰਤ ਸੀਚੇਵਾਲ ਨੂੰ ਕਿਤਾਬਾਂ ਦਾ ਸੈਟ ਭੇਂਟ ਕੀਤਾ**

**ਕਪੂਰਥਲਾ (ਕੌੜਾ)–** ਫਿਲੀਪਾਈਨ ਫੇਰੀ 'ਤੇ ਗਏ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਮਨੀਲਾ ਵਿੱਚ ਭਾਰਤੀ ਰਾਜਦੂਤ ਸ਼੍ਰੀ ਹਰਸ਼ ਕੁਮਾਰ ਜੈਨ ਨਾਲ ਮੁਲਾਕਾਤ ਕੀਤੀ। ਇਸ ਮੁਲਾਕਾਤ ਦੌਰਾਨ ਸੰਤ ਸੀਚੇਵਾਲ ਨੇ ਪਰਵਾਸੀ ਪੰਜਾਬੀਆਂ ਨੂੰ ਆਉਂਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਉਠਾਇਆ।

ਉਨ੍ਹਾਂ ਇਸ ਦੌਰਾਨ ਸੀਬੂ ਟਾਪੂ ਵਿੱਚ ਭਾਰਤੀਆਂ ਅਤੇ ਖ਼ਾਸ ਕਰਕੇ ਸਿੱਖਾਂ ਨੂੰ ਹੈਲਮੇਟ ਪਾਉਣ ਲਈ ਮਜ਼ਬੂਰ ਕੀਤੇ ਜਾਣ ਦੇ ਮੁੱਦੇ ਨੂੰ ਗੰਭੀਰਤਾ ਨਾਲ ਉਠਾਇਆ। ਅੱਧੇ ਘੰਟੇ ਤੋਂ ਵੱਧ ਸਮੇਂ ਤੱਕ ਚੱਲੀ ਇਸ ਮੁਲਾਕਾਤ ਦੌਰਾਨ ਸੰਤ ਸੀਚੇਵਾਲ ਨੇ ਭਾਰਤੀ ਰਾਜਦੂਤ ਨੂੰ ਜਾਣੂ ਕਰਵਾਇਆ ਕਿ ਫਿਲੀਪਾਈਨ ਦੇ ਸੀਬੂ ਟਾਪੂ ਵਿੱਚ ਵੱਸਦੇ ਸਿੱਖਾਂ ਪਰਿਵਾਰਾਂ ਨੇ ਉਨ੍ਹਾਂ ਨੂੰ ਮੰਗ ਪੱਤਰ ਦਿੱਤਾ ਸੀ ਕਿ ਸਿੱਖਾਂ ਨੂੰ ਮੋਟਰ ਸਾਈਕਲ ਚਲਾਉਣ ਦੌਰਾਨ ਹੈਲਮੇਟ ਪਾਉਣ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ ਤੇ ਉਨ੍ਹਾਂ ਦੇ ਚਲਾਣ ਕੱਟੇ ਜਾ ਰਹੇ ਹਨ।



ਸੰਤ ਸੀਚੇਵਾਲ ਨੇ ਦੱਸਿਆ ਕਿ ਪੱਗੜੀ ਸਰਦਾਰ ਦੀ ਜਿੱਥੇ ਪੰਜਾਬੀ ਸਭਿਆਚਾਰਕ ਤੌਰ 'ਤੇ ਪਛਾਣ ਬਣਾਉਣ ਦੀ ਹੈ। ਉਥੇ ਇਹ ਇੱਕ ਸਿੱਖ ਦੇ ਧਰਮ ਵਿੱਚ ਵੀ ਅਹਿਮ ਸਥਾਨ ਰੱਖਦੀ ਹੈ। ਪੱਗੜੀ ਹੀ ਸਿੱਖੀ ਦੀ ਆਨ-ਬਾਨ ਤੇ ਸ਼ਾਨ ਹੈ। ਇਸ ਮਾਮਲੇ ਨੂੰ ਉਹ ਫਿਲੀਪਾਈਨ ਸਰਕਾਰ ਕੋਲੋ ਗੰਭੀਰਤਾ ਨਾਲ ਚੁੱਕਣ ਅਤੇ ਇਸ ਨੂੰ ਹੱਲ ਕਰਵਾਉਣ ਲਈ ਢੁੱਕਵੇਂ ਕਦਮ ਚੁੱਕਣ। ਇਸ ਤੋਂ ਇਲਾਵਾ ਉਥੇ ਰਹਿੰਦੇ ਭਾਰਤੀਆਂ ਨੂੰ ਪਾਸ-ਪੋਰਟ ਨਾਲ ਸੰਬੰਧਿਤ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸੰਤ ਸੀਚੇਵਾਲ ਨੇ ਕਿਹਾ ਕਿ ਪਰਵਾਸੀ ਪੰਜਾਬੀ ਆਪਣੀ ਕਿਰਤ ਕਮਾਈ ਪੰਜਾਬ ਵਿੱਚ ਵੱਡੇ ਪੱਧਰ 'ਤੇ ਖਰਚ ਕਰਦੇ ਹਨ ਜਿਸ ਨਾਲ ਸਕੂਲਾਂ, ਹਸਪਤਾਲਾਂ, ਖੇਡ ਮੈਦਾਨਾਂ ਅਤੇ ਹੋਰ ਸਮਾਜ ਭਲਾਈ ਦੇ ਕਾਰਜ ਚੱਲਦੇ ਹਨ।

ਸੰਤ ਸੀਚੇਵਾਲ ਨੇ ਭਾਰਤੀ ਰਾਜਦੂਤ ਨਾਲ ਮੁਲਾਕਾਤ ਕਰਨ ਤੋਂ ਬਾਅਦ ਗੱਲਬਾਤ ਦੌਰਾਨ ਦੱਸਿਆ ਕਿ ਭਾਰਤੀ ਰਾਜਦੂਤ ਅਤੇ ਉਨ੍ਹਾਂ ਦੇ ਸਮੁੱਚੇ ਸਟਾਫ਼ ਨੇ ਉਨ੍ਹਾਂ ਵੱਲੋਂ ਦੱਸੀਆਂ ਗਈਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੁਣਿਆਂ ਅਤੇ ਇਸ ਦੇ ਹੱਲ ਲਈ ਭਰੋਸਾ ਦਿੱਤਾ।

ਭਾਰਤੀ ਰਾਜਦੂਤ ਵੱਲੋਂ ਸੰਤ ਸੀਚੇਵਾਲ ਨੂੰ ਸਿੱਖਾਂ ਨਾਲ ਸੰਬੰਧਤ ਕਿਤਾਬ ਸਿੱਖਸ, ਇੰਡੀਆ ਤੇ ਫਿਲਪਾਇਨ ਸੰਬੰਧਾਂ ਨਾਲ ਸੰਬੰਧਤ ਕਿਤਾਬਾਂ ਭੇਂਟ ਕੀਤੀਆਂ ਗਈਆਂ। ਭਾਰਤੀ ਰਾਜਦੂਤ ਨੇ ਸੰਤ ਸੀਚੇਵਾਲ ਜੀ ਦੀ ਇਸ ਗੱਲ ਤੋਂ ਪ੍ਰਸ਼ੰਸ਼ਾ ਕੀਤੀ ਕਿ ਉਹ ਦੇਸ਼ ਦੀਆਂ ਨਦੀਆਂ ਤੇ ਦਰਿਆਵਾਂ ਨੂੰ ਪ੍ਰਦੂਸ਼ਣ ਮੁਕਤ ਕਰਨ ਵਿੱਚ ਵੱਡੀ ਭੂਮਿਕਾ ਨਿਭਾਅ ਰਹੇ ਹਨ। ਭਾਰਤੀ ਰਾਜਦੂਤ ਨੇ ਕਿਹਾ ਕਿ ਅੱਜ ਸਾਰਾ ਸੰਸਾਰ ਆਲਮੀ ਤਪਸ਼ ਨਾਲ ਜੂਝ ਰਿਹਾ ਹੈ ਤੇ ਇਸ ਨੂੰ ਘੱਟ ਕਰਨ ਲਈ ਵੱਡੇ ਪੱਧਰ 'ਤੇ ਰੁੱਖ ਲਗਾਉਣ ਦੀ ਲੋੜ ਹੈ। ਇਸ ਮੌਕੇ ਭਾਰਤੀ ਰਾਜਦੂਤ ਦੇ ਨਿੱਜੀ ਸਕੱਤਰ ਨਿਲੇਸ਼ ਕੁਮਾਰ ਰਾਏ, ਮਨਜਿੰਦਰ ਸਿੰਘ, ਹੈਪੀ ਮਨੀਲਾ, ਜੈਮਜ ਕੁਮਾਰ ਆਦਿ ਹਾਜ਼ਰ ਸਨ।

# ਆਲ ਪਾਕਿਸਤਾਨ ਫੈਡਰੇਸ਼ਨ ਆਫ਼ ਯੂਨਾਇਟਿਡ ਟ੍ਰੇਡ ਯੂਨੀਅਨਜ਼ ਵੱਲੋਂ ਪਹਿਲਗਾਮ ਹਮਲੇ ਦੀ ਨਿਖੇਧੀ ਸ਼ਲਾਘਾਯੋਗ: ਸੀਟੂ

**ਅਪਣੇ ਮੁਲਕ ਵਿੱਚ ਅਣਸੁਖਾਵੇਂ ਮਹੌਲ ਦੇ ਬਾਵਜੂਦ ਵੀ ਮਨੁੱਖਤਾ ਦੇ ਹੱਕ ਵਿੱਚ ਖੜ੍ਹਨ ਵਾਲ਼ਿਆਂ ਨੂੰ ਦਿਲੋਂ ਸਲਾਮ: ਗੁਰਦੇਵ ਸਿੰਘ ਬਾਗੀ**

**ਰੋਪੜ (ਰੋਮੀ ਘੜਾਮਾਂ):** ਸੈਂਟਰ ਆਫ਼ ਇੰਡੀਅਨ ਟਰੇਡ ਯੂਨੀਅਨਜ਼ (ਸੀਟੂ) ਵੱਲੋਂ ਆਲ ਪਾਕਿਸਤਾਨ ਫੈਡਰੇਸ਼ਨ ਆਫ਼ ਯੂਨਾਇਟਿਡ ਟ੍ਰੇਡ ਯੂਨੀਅਨਜ਼ ਵੱਲੋਂ ਪਹਿਲਗਾਮ ਹਮਲੇ ਦੀ ਨਿਖੇਧੀ ਕਰਨ ਦੀ ਖ਼ੂਬ ਸ਼ਲਾਘਾ ਕੀਤੀ ਗਈ । ਜਿਸ ਬਾਰੇ ਜਿਲ੍ਹਾ ਪ੍ਰਧਾਨ ਗੁਰਦੇਵ ਸਿੰਘ ਬਾਗੀ ਨੇ ਕਿਹਾ ਪਾਕਿਸਤਾਨੀ ਫੈਡਰੇਸ਼ਨ ਦੇ ਅਪਣੇ ਦੇਸ਼ ਵਿੱਚ ਅਣਸੁਖਾਵੇਂ ਮਹੌਲ ਦੇ ਬਾਵਜੂਦ, ਕੌਮਾਂਤਰੀ ਮਨੁੱਖੀ ਭਾਈਚਾਰੇ ਦੇ



ਹੱਕ 'ਚ ਪਹਿਲਗਾਮ ਵਿੱਚ ਬੇਰਹਿਮੀ ਅਤੇ ਕਾਇਰਤਾ ਭਰੇ ਅੱਤਵਾਦੀ ਹਮਲੇ ਦੀ ਸਪਸ਼ਟ ਨਿੰਦਾ ਕੀਤੀ ਹੈ। ਅਜਿਹੀ ਹਿੰਸਾ ਮਨੁੱਖਤਾ ਉੱਤੇ ਹਮਲਾ ਹੈ। ਜਿਸਦੀ ਕਿਸੇ ਵੀ ਸੱਭਿਅਕ ਸਮਾਜ ਵਿੱਚ ਕੋਈ ਥਾਂ ਨਹੀਂ ਹੈ। ਉਕਤ ਫੈਡਰੇਸ਼ਨ ਨੇ ਹਮਲੇ ਤੋਂ ਪੀੜਤ ਪਰਿਵਾਰਾ ਨਾਲ ਗਹਿਰੀ ਸ਼ੰਵੇਦਨਾ ਪ੍ਰਗਟਾਉਂਦਿਆਂ ਕਿਹਾ ਕਿ ਦੁੱਖ ਅਤੇ ਗੁੱਸੇ ਦੀ ਇਸ ਘੜੀ ਵਿੱਚ ਉਹ ਭਾਰਤ ਦੇ ਲੋਕਾਂ ਦੇ ਨਾਲ਼ ਇਕਜੁੱਟਤਾ ਨਾਲ ਖੜੇ ਹਨ।

# ਹੰਕਾਰ ਭਰੀ ਧਮਕੀ ਦਾ ਗੰਭੀਰ ਨੋਟਿਸ

**ਸੰਗਰੂਰ।** ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜ਼ਿਲ੍ਹਾ ਇਕਾਈ ਸੰਗਰੂਰ ਨੇ ਮੁੱਖ ਮੰਤਰੀ ਵਲੋਂ ਸੰਘਰਸ਼ ਸ਼ੀਲ ਜਥੇਬੰਦੀਆਂ ਨੂੰ ਸੜਕ ਰੋਕੋ ਜਾਂ ਰੇਲ ਰੋਕੋ ਵਰਗੇ ਅੰਦੋਲਨਾਂ ਦੇ ਐਲਾਨ ਉਪਰ ਸਿੱਟੇ ਭੁਗਤਨ ਦੀ ਦਿਤੀ ਗਈ ਹੰਕਾਰ ਭਰੀ ਧਮਕੀ ਦਾ ਗੰਭੀਰ ਨੋਟਿਸ ਲੈਂਦਿਆਂ ਇਸ ਨੂੰ ਲੋਕਾਂ ਦੇ ਸ਼ਾਂਤਮਈ ਸੰਘਰਸ਼ ਕਰਨ ਦੇ ਜਮਹੂਰੀ ਤੇ ਸੰਵਿਧਾਨਕ ਹੱਕ ਨੂੰ ਕੁਚਲਣ ਵਾਲਾ ਦੱਸਿਆ ਹੈ। ਸਭਾ ਦੇ ਜ਼ਿਲ੍ਹਾ ਪ੍ਰਧਾਨ ਜਗਜੀਤ ਸਿੰਘ ਭੁਟਾਲ, ਸਕੱਤਰ ਕੁਲਦੀਪ ਸਿੰਘ, ਪ੍ਰੈਸ ਸਕੱਤਰ ਜੁਝਾਰ ਸਿੰਘ ਲੌਂਗੋਵਾਲ, ਸੂਬਾ ਆਗੂ ਸਵਰਨਜੀਤ ਸਿੰਘ, ਮਨਧੀਰ ਸਿੰਘ ਅਤੇ ਬਲਵਿੰਦਰ ਸਿੰਘ ਬਿਸਾਖਾ ਨੇ ਕਿਹਾ ਕਿ ਲੋਕਾਂ ਨੂੰ ਵਧੀਆ ਸਿਹਤ, ਸਿਖਿਆ, ਰੁਜ਼ਗਾਰ, ਦੇਣ ਅਤੇ ਭ੍ਰਿਸ਼ਟਾਚਾਰ ਸਮੇਤ ਲੋਕਾਂ ਦੀਆਂ ਸਮੱਸਿਆਂਵਾਂ ਨੂੰ ਦੂਰ ਕਰਕੇ ਬਦਲਵਾਂ ਰਾਜ ਪ੍ਰਬੰਧ ਦੇਣ ਦਾ ਵਾਅਦਾ ਕਰਕੇ ਆਈ ਸਰਕਾਰ ਦੇ ਬੀਤੇ ਤਿੰਨ ਸਾਲਾਂ ਵਿੱਚ ਸਿਹਤ ਸਿੱਖਿਆ ਤੇ ਹੋਰ ਜਨਤਕ ਸਹੂਲਤਾਂ ਵਿਚ ਹੋਰ ਨਿਘਾਰ ਆਇਆ ਹੈ। ਰਾਜ ਵਿੱਚ ਭ੍ਰਿਸ਼ਟਾਚਾਰ ਦਾ ਬੋਲਬ-ਾਲਾ ਹੈ। ਬੇਰੁਜ਼ਗਾਰ ਨੌਜਵਾਨਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਕਿਸਾਨਾਂ ਮਜ਼ਦੂਰਾਂ ਤੇ ਹੋਰ ਕਾਰੋਬਾਰੀਆਂ ਦੀ ਜ਼ਿੰਦਗੀ ਲਗਾਤਾਰ ਦੂਭਰ ਹੁੰਦੀ ਜਾ ਰਹੀ ਹੈ। ਥਾਣੇ ਕਚਹਿਰੀਆਂ ਵਿਚ ਆਮ ਲੋਕਾਂ ਨੂੰ ਇਨਸਾਫ਼ ਦੀ ਥਾਂ ਖੱਜਲ ਖ਼ੁਆਰੀ ਮਿਲੀ ਹੈ। ਜਿਸ ਕਾਰਨ ਲੋਕਾਂ ਨੂੰ ਆਪਣੇ ਮਸਲਿਆਂ ਦੇ ਹੱਲ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਪੰਜਾਬ ਸਰਕਾਰ ਇਨ੍ਹਾਂ ਮਸਲਿਆਂ ਦੇ ਹੱਲ ਲਈ ਯੋਗ ਉਪਰਾਲੇ ਕਰਕੇ ਲੋਕਾਂ ਦਾ ਭਰੋਸਾ ਹਾਸਲ ਕਰਨ ਦੀ ਥਾਂ, ਸੰਘਰਸ਼ ਕਰ ਰਹੇ ਲੋਕਾਂ ਉਪਰ ਜਬਰ ਕਰਨ ਦੇ ਰਾਹ ਪੈ ਗ ਈ ਹੈ। ਕਾਰਪੋਰੇਟ ਕੰਪਨੀਆਂ ਦੀ ਸੇਵਾ ਲਈ ਕੇਂਦਰ ਸਰਕਾਰ ਵੱਲੋਂ ਭਾਰਤ ਮਾਲਾ ਵਰਗੇ ਵਿਕਾਸ ਪ੍ਰਾਜੈਕਟਾਂ ਲਈ ਜ਼ਮੀਨਾਂ ਹਾਸਲ ਕਰਨ ਅਤੇ ਉਨ੍ਹਾਂ ਦੇ ਹਵਾ ਪਾਣੀ ਨੂੰ ਪ੍ਰਦੂਸ਼ਿਤ ਕਰਨ ਵਾਲੇ ਕਾਰਖਾਨਿਆਂ ਨੂੰ ਚਲਾਉਣ ਲਈ ਰਾਹ ਪੱਧਰਾ ਕਰਨ ਵਾਸਤੇ ਸੰਘਰਸ਼ ਸ਼ੀਲ ਲੋਕਾਂ ਉਪਰ ਜਬਰ ਕਰ ਰਹੀ ਹੈ। 6 ਮ ਈ ਨੂੰ ਸ਼ੰਭੂ ਥਾਣੇ ਦੇ ਘਿਰਾਓ ਵਰਗੇ ਪ੍ਰੋਗਰਾਮਾਂ ਨੂੰ ਪੁਲਿਸ ਜਬਰ ਨਾਲ ਰੋਕ ਕੇ ਪੰਜਾਬ ਸਰਕਾਰ ਨੇ ਸੰਵਿਧਾਨ ਵਿੱਚ ਦਰਜ ਸੰਘਰਸ਼ ਕਰਨ ਦੇ ਜਮਹੂਰੀ ਹੱਕਾਂ ਨੂੰ ਪੈਰਾਂ ਹੇਠ ਰੋਲ ਦਿੱਤਾ ਹੈ। ਪੰਜਾਬ ਦੀਆਂ ਵਿਰੋਧੀ ਪਾਰਟੀਆਂ ਵਲੋਂ ਵੀ ਇਸ ਜਬਰ ਖਿਲਾਫ ਜਨਤਕ ਲਾਮਬੰਦੀ ਕਰਨ ਦੀ ਥਾਂ ਸਿਰਫ ਬਿਆਨ ਬਾਜੀ ਤੱਕ ਸੀਮਤ ਰਹਿ ਕੇ ਸਰਕਾਰ ਦੇ ਜਬਰ ਨੂੰ ਚੁੱਪ ਸਹਿਮਤੀ ਦਿੱਤੀ ਹੋਈ ਹੈ। ਉਹਨਾਂ ਸਮੂਹ ਪੰਜਾਬੀਆਂ, ਜਨਤਕ ਜਮਹੂਰੀ ਜਥੇਬੰਦੀਆਂ ਅਤੇ ਇਨਸਾਫ਼ ਪਸੰਦ ਲੋਕਾਂ ਨੂੰ ਸਰਕਾਰ ਦੀਆਂ ਇਹਨਾਂ ਗੈਰ ਜਮਹੂਰੀ ਅਤੇ ਤਾਨਾਸ਼ਾਹੀ ਕਾਰਵਾਈਆਂ ਖਿਲਾਫ ਜਨਤਕ ਲਾਮਬੰਦੀ ਕਰਨ ਦੀ ਅਪੀਲ ਕੀਤੀ ਹੈ।

**ਜਗਜੀਤ ਸਿੰਘ ਭੁਟਾਲ**
**ਜ਼ਿਲ੍ਹਾ ਪ੍ਰਧਾਨ**
**ਜਮਹੂਰੀ ਅਧਿਕਾਰ ਪੰਜਾਬ,**
**ਇਕਾਈ ਸੰਗਰੂਰ**

# ਸ. ਸੀ. ਸੈ. ਸ. ਗੋਇੰਦਵਾਲ ਸਾਹਿਬ ਦੇ ਪ੍ਰਿੰਸੀਪਲ ਗੁਰਪ੍ਰਤਾਪ ਸਿੰਘ ਦੀ ਮੁਅੱਤਲੀ ਅਤਿ ਨਿੰਦਣਯੋਗ – ਅਧਿਆਪਕ ਦਲ ਪੰਜਾਬ

**ਸਿਖਿਆ ਕ੍ਰਾਂਤੀ ਪ੍ਰੋਗਰਾਮਾਂ ਦਾ ਸਾਰਾ ਖਰਚਾ ਅਧਿਆਪਕਾਂ ਵਲੋਂ ਮਜਬੂਰਨ ਆਪਣੀ ਜੇਬ ਵਿੱਚੋਂ ਕੀਤਾ ਜਾ ਰਿਹਾ**

**ਕਪੂਰਥਲਾ ( ਵਿਸ਼ੇਸ਼ ਪ੍ਰਤੀਨਿਧ)–** ਵਿਭਾਗ ਪੰਜਾਬ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਇੰਦਵਾਲ ਸਾਹਿਬ ਦੇ ਪ੍ਰਿੰਸੀਪਲ ਗੁਰਪ੍ਰਤਾਪ ਸਿੰਘ ਦੀ ਕੀਤੀ ਗਈ ਮੁਅੱਤਲੀ ਅਤਿ ਨਿੰਦਣਯੋਗ ਕਾਰਵਾਈ ਹੈ ਜਿਸ ਨਾਲ ਅਧਿਆਪਕ ਵਰਗ ਦੇ ਮਾਣ ਸਨਮਾਨ ਨੂੰ ਠੇਸ ਪਹੁੰਚੀ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦੇ ਹੋਏ ਅਧਿਆਪਕ ਦਲ ਪੰਜਾਬ ਦੇ ਕਾਰਜਕਾਰੀ ਕਨਵੀਨਰ ਰਵਿੰਦਰਜੀਤ ਸਿੰਘ ਪੰਨੂੰ ਅਤੇ ਮੁੱਖ ਬੁਲਾਰੇ ਸੁਖਦਿਆਲ ਸਿੰਘ ਝੰਡ ਨੇ ਦਸਿਆ ਕਿ ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਪੰਜਾਬ ਵੱਲੋਂ ਸਰਕਾਰੀ ਸਕੂਲਾਂ ਵਿੱਚ ਕਰਵਾਏ ਜਾ ਰਹੇ ਸਿਖਿਆ ਕ੍ਰਾਂਤੀ ਸਮਾਗਮਾਂ ਲਈ ਅਜੇ ਤੱਕ ਕੋਈ ਗ੍ਰਾਂਟ ਜਾਰੀ ਨਹੀਂ ਕੀਤੀ ਗਈ ਜਿਸ ਕਾਰਨ ਅਧਿਆਪਕਾਂ ਨੂੰ ਇਹਨਾਂ ਸਮਾਗਮਾਂ ਦਾ ਸਾਰਾ ਖਰਚਾ ਮਜਬੂਰੀ ਵੱਸ ਆਪਣੀ





ਜੇਬ ਵਿੱਚੋਂ ਕੀਤਾ ਜਾ ਰਿਹਾ ਹੈ ਅਤੇ ਇਹਨਾਂ ਸਮਾਗਮਾਂ ਦੀ ਤਿਆਰੀ ਦੌਰਾਨ ਸਰਕਾਰੀ ਸਕੂਲਾਂ ਵਿੱਚ ਨਵੇਂ ਦਾਖਲੇ ਦਾ ਸਮਾਂ ਵੀ ਖਰਾਬ ਹੋ ਰਿਹਾ ਹੈ। ਉਹਨਾਂ ਦਸਿਆ ਕਿ ਇਹਨਾਂ ਸਮਾਗਮਾਂ ਸਬੰਧੀ ਲੋੜੀਂਦੀ ਰਾਸ਼ੀ ਨਾ ਜਾਰੀ ਹੋਣ ਦੀ ਸੂਰਤ ਵਿੱਚ ਅਧਿਆਪਕਾਂ ਵਲੋਂ ਮਜਬੂਰੀ ਵੱਸ ਕਿਸੇ ਵਿਦਿਆਰਥੀ ਕੋਲੋਂ ਸਹਿਯੋਗ ਲੈਣ ਵਾਲੀ ਘਟਨਾ ਨੂੰ ਸਿੱਖਿਆ ਵਿਭਾਗ ਵੱਲੋਂ ਵਧਾ ਚੜਾ ਕੇ ਪੇਸ਼ ਕਰਨਾ ਬਹੁਤ ਦੁਖਦਾਈ ਹੈ ਇਸ ਲਈ ਸਿੱਖਿਆ ਵਿਭਾਗ ਪੰਜਾਬ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਪ੍ਰਿੰਸੀਪਲ ਗੁਰਪ੍ਰਤਾਪ ਸਿੰਘ ਦੀ ਮੁਅੱਤਲੀ ਤੁਰੰਤ ਵਾਪਸ ਕੀਤੀ ਜਾਵੇ ਅਤੇ ਇਹਨਾਂ ਸਮਾਗਮਾਂ ਵਿੱਚ ਹੋ ਰਹੇ ਖਰਚੇ ਦਾ ਭੁਗਤਾਨ ਕੀਤਾ ਜਾਵੇ।

# ਪੈਨਸ਼ਨਰਾਂ ਨੂੰ ਪੈਨਸ਼ਨ ਭਵਨ ਬਣਾਕੇ ਦਿੱਤਾ ਜਾਵੇ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪੰਜਾਬ ਗੌਰਮਿੰਟ ਪੈਨਸ਼ਨਰ ਐਸੋਸੀਏਸ਼ਨ ਬਲਾਕ ਭਗਤਾ ਭਾਈਕਾ ਦੀ ਮੀਟਿੰਗ ਪ੍ਰਧਾਨ ਸ਼੍ਰੀ ਆਤਮਤੇਜ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਗੁਰਜੀਤ ਸਿੰਘ ਜਨਰਲ ਸਕੱਤਰ ਨੇ ਪਿਛਲੇ ਮਹੀਨੇ ਪੰਜਾਬ ਗੌਰਮਿੰਟ ਪੈਨਸ਼ਨਰ ਐਸੋਸੀਏਸ਼ਨ ਵੱਲੋਂ ਕੀਤੀਆਂ ਗਈਆਂ ਸਰਗਰਮੀਆਂ ਬਾਰੇ ਚਾਨਣਾ ਪਾਇਆ ਗਿਆ। 01/01/2016 ਤੋਂ 30/06/2021 ਤੱਕ ਦੇ ਏਰੀਅਰ ਬਾਰੇ ਦੱਸਿਆ ਗਿਆ। ਸ਼੍ਰੀ ਸੁਲੱਖਣ ਸਿੰਘ ਸੀਨੀਅਰ ਮੀਤ ਪ੍ਰਧਾਨ ਨੇ 01/01/2016 ਤੋਂ ਬਾਅਦ ਰਿਟਾਇਰ ਹੋਣ ਵਾਲੇ ਪੈਨਸ਼ਨਰਾਂ ਨੂੰ ਮਿਲਣ ਵਾਲੇ ਏਰੀਅਰ ਅਤੇ ਲੀਵ ਇਨਕੈਸ਼ਮੈਂਟ ਦੇ ਬਕਾਏ ਬਾਰੇ ਦੱਸਿਆ ਗਿਆ। ਸ਼੍ਰੀ ਨਰਿੰਦਰਪਾਲ ਜੀ ਨੇ ਪੁਲਵਾਮਾ ਵਿੱਚ ਮਾਰੇ ਗਏ ਸੈਲਾਨੀਆ ਬਾਰੇ ਵਿਸਥਾਰ ਪੂਰਵਕ ਦੱਸਿਆ। ਸ਼੍ਰੀ ਰਣਧੀਰ ਸਿੰਘ ਨੇ ਆਪਣੇ ਸਮਾਜ ਨਾਲ ਨੇੜੇ ਦੇ ਸੰਬੰਧ ਬਣਾਉਣ ਲਈ ਸਾਰੇ ਪੈਨਸ਼ਨਰਾਂ ਨੂੰ ਪ੍ਰੇਰਿਤ ਕੀਤਾ। ਮੀਟਿੰਗ ਦੇ ਅੰਤ ਵਿੱਚ ਪ੍ਰਧਾਨ ਸ਼੍ਰੀ ਆਤਮਤੇਜ ਸ਼ਰਮਾ ਨੇ ਬਹੁਤ ਸਾਰੇ ਵਿਸ਼ਿਆਂ ਉੱਪਰ ਚਾਨਣਾ ਪਾਇਆ ਅਤੇ ਵੱਖ-ਵੱਖ ਮਤਿਆਂ ਉੱਪਰ ਪੈਨਸ਼ਨਰਾਂ ਦੀ ਰਾਇ ਜਾਣੀ । ਸਾਰੇ ਪੈਨਸ਼ਨਰਾਂ ਨੇ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਕਿ ਪੈਨਸ਼ਨਰਾਂ ਨੂੰ ਮੀਟਿੰਗ ਕਰਨ ਸੰਬੰਧੀ ਆਉਂਦੀ ਸਮੱਸਿਆ ਅਤੇ ਹੋਰ ਸਰਗਰਮੀਆਂ ਕਰਨ ਲਈ ਬਲਾਕ ਭਗਤਾ ਭਾਈਕਾ ਦੇ ਤਹਿਸੀਲ ਕੰਪਲੈਕਸ ਵਿੱਚ ਇੱਕ ਪੈਨਸ਼ਨ ਭਵਨ ਬਣਾਇਆ ਜਾਵੇ। ਇਸ ਮਤੇ ਉਪਰ 100 ਤੋਂ ਵੱਧ ਪੈਨਸ਼ਨਰਾਂ ਨੇ ਆਪਣੇ ਦਸਤਖ਼ਤ ਕੀਤੇ ਜੋ ਡਿਪਟੀ ਕਮਿਸ਼ਨਰ ਬਠਿੰਡਾ ਨੂੰ ਦਿੱਤਾ ਜਾਵੇਗਾ। ਮੀਟਿਗ ਵਿੱਚ ਮਾਸਟਰ ਨਛੱਤਰ ਸਿੰਘ, ਮਾਸਟਰ ਗੁਰਦੀਪ ਸਿੰਘ, ਮਾਸਟਰ ਹਰਮੇਲ ਸਿੰਘ, ਸ਼੍ਰੀ ਬੂਟਾ ਸਿੰਘ, ਮਾਸਟਰ ਦਿਲਬਾਰਾ ਸਿੰਘ, ਸ਼੍ਰੀ ਗੁਰਦੀਪ ਸਿੰਘ, ਮਾਸਟਰ ਲਾਭ ਸਿੰਘ, ਮਾਸਟਰ ਰਣਜੋਧ ਸਿੰਘ, ਸ਼੍ਰੀ ਗੁਰਜੰਟ ਸਿੰਘ, ਸ਼੍ਰੀ ਰੇਸ਼ਮ ਸਿੰਘ, ਮਾਸਟਰ ਪਰਮਜੀਤ ਸਿੰਘ, ਮਾਸਟਰ ਬਲਵਿੰਦਰ ਸਿੰਘ, ਸ਼੍ਰੀ ਕੰਵਰ ਕੌਰ ਸਿੰਘ, ਮਾਸਟਰ ਜੋਰਾ ਸਿੰਘ, ਸ਼੍ਰੀ ਸੁਰਜਣ ਸਿੰਘ, ਪਟਵਾਰੀ ਦਰਸ਼ਨ ਸਿੰਘ, ਮਾਸਟਰ ਮੇਜਰ ਸਿੰਘ ਆਦਿ ਹਾਜ਼ਰ ਸਨ।

# "ਪੋਸਟਰ ਬਣਾਉਣ ਅਤੇ ਨਿਬੰਧ ਲਿਖਣ ਲਈ ਮੁਕਾਬਲੇ"

## ਗੁਰੂ ਨਾਨਕ ਕਾਲਜ ਆਫ਼ ਐਜੂਕੇਸ਼ਨ ਫਾਰ ਵੀਮੈਨ ਕਪੂਰਥਲਾ ਦੇ ਵਿਦਿਆਰਥੀਆਂ ਦੇ ਸਨਮੁਖ



**ਕਪੂਰਥਲਾ (ਰਮੇਸ਼ਵਰ ਸਿੰਘ)** ਦੂਰ ਦੁਰਾਡੇ ਬੈਠੇ ਵਿਦਿਆਰਥੀਆਂ ਵਿੱਚ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪ੍ਰਸਾਰ ਲਈ ਰੁੱਚੀ ਪੈਦਾ ਕਰਨ ਅਤੇ ਪਹਿਲਾਂ ਹੀ ਮਾਂ ਬੋਲੀ ਦੀ ਚੜ੍ਹਤ ਲਈ ਜੂਝ ਰਹੇ ਵਿਦਿਆਰਥੀਆਂ ਨੂੰ ਹੋਰ ਉਤਸ਼ਾਹਿਤ ਕਰਨ ਲਈ, ਤਜਰਬੇ ਦੇ ਤੌਰ ਤੇ, ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਕਨੇਡਾ ਵੱਲੋਂ 'ਨਕਲੀ ਬੁੱਧੀਮਤਾ ਦਾ ਪੰਜਾਬੀ ਭਾਸ਼ਾ ਦੇ ਵਿਕਾਸ ਤੇ ਪ੍ਰਭਾਵ -ਓਡਡਏਚਟ ੋਡ ਅੀ ੋਨ ਟਹਓ ਦਓਵਓਲੋਪ-ਮਓਨਟ ੋਡ ਫੁਨਜਓਬਿ ਲਓਨ-ਗੁਓਗਓ)' ਵਿਸ਼ੇ ਤੇ ਪੋਸਟਰ ਬਣਾਉਣ ਅਤੇ ਨਿਬੰਧ ਲਿਖਣ ਲਈ ਇੱਕ ਆਨਲਾਈਨ ਮੁਕ-ਾਬਲਾ ਕਰਵਾਇਆ ਗਿਆ। ਆਸ ਤੋਂ ਕਿਤੇ ਵੱਧ, ਇਸ ਨਿਵੇਕਲੇ ਅਤੇ ਔਖੇ ਵਿਸ਼ੇ ਤੇ 28 ਵਿਦਿਆਰਥੀਆਂ ਨੇ ਨਿਬੰਧ ਲਿਖੇ ਅਤੇ ਪੋਸਟਰ ਬਣਾਏ। ਭਾਈਚਾਰੇ ਦੀ ਟੀਮ ਦਾ ਇਸ ਗੱਲ ਨੇ ਬਹੁਤ ਉਤਸ਼ਾਹ ਵਧਾਇਆ ਕਿ ਪੰਜਾਬ ਦੇ ( ਅਬੋਹਰ, ਬਰਨਾਲਾ, ਫਾਜ਼ਿਲਕਾ, ਫਿਰੋਜ਼ਪੁਰ) ਨਾਲ ਨਾਲ ਹਰਿਆਣਾ ਦੇ (ਯਮੁਨਾ ਨਗਰ) ਅਤੇ ਹਿਮਾਚਲ ਪ੍ਰਦੇਸ਼ ਦੇ (ਮੰਡੀ) ਵਿਦਿਆਰਥੀਆਂ ਨੇ ਵੀ ਇਸ ਮੁਕਾਬਲੇ ਵਿੱਚ ਹਾਜ਼ਰੀ ਲਗਵਾਈ। ਮੁਕਾ-ਬਲੇ ਵਿੱਚ ਸਕੂਲਾਂ, ਕਾਲਜਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੇ ਉਤਸ਼ਾਹ ਦਿਖਾਇਆ ਅਤੇ ਆਈ.ਆਈ.ਟੀ ਵਿੱਚ ਪੜ੍ਹਦੇ ਵਿਦਿਆਰਥੀਆਂ ਨੇ ਵੀ ਹਿੱਸਾ ਪਾਇਆ। ਇਹ ਹੈਰਾਨੀ ਵਾਲੀ ਗੱਲ ਹੈ ਕਿ 28 ਵਿੱਚੋਂ 27 ਲੜਕੀਆਂ ਹਨ। ਗੁਰੂ ਨਾਨਕ ਕਾਲਜ ਆਫ ਐਜੂਕੇਸ਼ਨ ਫਾਰ ਵੂਮੈਨ ਕਪੂਰਥਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਨਕੋਦਰ ਦੇ ਪੰਜਾਬੀ ਵਿਭਾਗ ਦੇ ਅਧਿਆਪਕਾਂ ਅਤੇ ਪ੍ਰਿੰਸੀਪਲਾਂ ਦੇ ਸਹਿਯੋਗ ਨਾਲ ਇਹਨਾਂ ਕਾਲਜਾਂ ਦੇ ਵਿਦਿਆਰਥੀਆਂ ਨੇ ਇਸ ਮੁਕ-ਾਬਲੇ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ। ਦੋਹਾਂ ਕਾਲਜਾਂ ਦੇ 10-10 ਵਿਦਿਆਰਥੀਆਂ ਨੇ ਪੋਸਟਰ ਬਣਾਏ ਅਤੇ ਨਿਬੰਧ ਲਿਖੇ। ਕੁੱਝ ਵਿਦਿਆਰਥੀਆਂ ਨੇ ਦੋਹਾਂ ਮੁਕਾਬਲਿਆਂ ਵਿਚ ਹਿੱਸਾ ਲਿਆ। ਕਿਉਂਕਿ ਇਸ ਮੁਕਾ-ਬਲੇ ਵਿੱਚ ਯੋਗਦਾਨ ਪਾਉਣ ਲਈ ਗੁਰੂ ਨਾਨਕ ਕਾਲਜ ਆਫ਼ ਐਜੂਕੇਸ਼ਨ ਫਾਰ ਵੀਮੈਨ ਕਪੂਰਥਲਾ ਦੇ ਦਸ ਵਿਦਿਆਰਥੀਆਂ (ਨਿਬੰਧ ਲਈ: ਪ੍ਰਭਨੂਰ ਕੌਰ, ਜਸਮੀਤ ਕੌਰ, ਸਿਮਰਨਜੀਤ ਕੌਰ, ਅਰਸ਼ਦੀਪ ਕੌਰ, ਪ੍ਰੀਆ, ਅਮਨਦੀਪ ਕੌਰ ਅਤੇ ਸੁਮਨਪ੍ਰੀਤ ਕੌਰ ,ਅਤੇ ਪੋਸਟਰ ਲਈ: ਜਸਮੀਤ ਕੌਰ, ਕਿਰਨਜੀਤ ਕੌਰ, ਵਰਨਜੀਤ ਕੌਰ ਅਤੇ ਅਵਨੀਤ ਕ ਰ ਵਿਦਿਆਰਥੀਆਂ) ਨੂੰ, (ਪ੍ਰਮਾਣ ਪੱਤਰਾਂ, ਮੈਡਲਾਂ ਅਤੇ ਪੁਸਤਕਾਂ ਨ ਾ ਲ ) ਸਨਮਾਨਿਤ ਕੀਤਾ ਜਾਣਾ ਸੀ ਇਸ ਲਈ ਭਾਈਚਾਰੇ ਦੀ ਟੀਮ ਵੱਲੋਂ ਫੈਸਲਾ ਕੀਤਾ ਗਿਆ ਕਿ ਇਨ੍ਹਾਂ ਹੋਣਹਾਰ ਵਿਦਿਆਰਥੀਆਂ ਨੂੰ ਮਿਲ ਕੇ, ਆਪਣੇ ਹੱਥੀਂ ਸਨਮਾਨਿਤ ਕੀਤਾ ਜਾਵੇ। ਇਹੋ ਇੱਛਾ, ਇਨ੍ਹਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਵਾਲੀ, ਪੰਜਾਬੀ ਵਿਭਾਗ ਦੀ ਸੁਘੜ ਅਧਿਆਪਕਾ ਪ੍ਰੋ ਸਪਨਾ ਸੈਣੀ ਅਤੇ ਪ੍ਰਿੰਸੀਪਲ ਮਨਜੀਤ ਕੌਰ ਦੀ ਵੀ ਸੀ। ਜਿਕਰ ਯੋਗ ਹੈ ਕਿ ਜਸਮੀਤ ਕੌਰ ਨੇ ਦੋਵੇਂ ਮੁਕਾਬਲਿਆਂ ਵਿੱਚ ਹਿੱਸਾ ਲਿਆ। 5 ਮਈ 2025 ਨੂੰ ਭਾਈਚਾਰੇ ਦੀ ਟੀਮ ਦੇ ਚਾਰ ਮੈਂਬਰਾਂ (ਮਿੱਤਰ ਸੈਨ ਮੀਤ, ਨਿਰਮਲ ਸਿੰਘ ਔਟਵਾ, ਦਵਿੰਦਰ ਸਿੰਘ ਸੇਖਾ ਅਤੇ ਮੇਜਰ ਸਿੰਘ ਛੀਨਾ) ਨੇ ਕਾਲਜ ਜਾ ਕੇ ਮਾਂ ਬੋਲੀ ਪੰਜਾਬੀ ਦੇ ਵਿਕਾਸ ਅਤੇ ਪ੍ਰਸਾਰ ਲਈ ਯਤਨਸ਼ੀਲ ਵਿਦਿਆਰਥੀਆਂ ਦੇ ਨਾਲ ਨਾਲ ਪ੍ਰੋ ਸਪਨਾ ਸੈਣੀ ਅਤੇ ਪ੍ਰਿੰਸੀਪਲ ਮਨਜੀਤ ਕੌਰ ਦਾ ਵੀ ਸਤਿਕਾਰ ਕੀਤਾ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਹਰ ਘਰ ਤੱਕ ਪਹੁੰਚਾਏਗੀ ਨਸ਼ਾ ਮੁਕਤੀ ਯਾਤਰਾ - ਆਸ਼ਿਕਾ ਜੈਨ

## ਡਿਪਟੀ ਕਮਿਸ਼ਨਰ ਤੇ ਐਸ.ਐਸ.ਪੀ. ਦੀ ਪ੍ਰਧਾਨਗੀ 'ਚ ਸਿਵਲ ਤੇ ਪੁਲਿਸ ਅਧਿਕਾਰੀਆਂ ਦੀ ਹੋਈ ਮੀਟਿੰਗ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਤੇ ਐਸ.ਐਸ.ਪੀ. ਸੰਦੀਪ ਕੁਮਾਰ ਮਲਿਕ ਦੀ ਪ੍ਰਧਾਨਗੀ ਵਿਚ ਇਕ ਅਹਿਮ ਮੀਟਿੰਗ ਕੀਤੀ ਗਈ, ਜਿਸ ਵਿਚ ਜ਼ਿਲ੍ਹੇ ਦੇ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਨੇ ਭਾਗ ਲਿਆ। ਮੀਟਿੰਗ ਵਿਚ ਏ.ਡੀ.ਸੀ. ਨਿਕਾਸ ਕੁਮਾਰ, ਸਾਰੇ ਐਸ.ਡੀ.ਐਮਜ਼, ਪੁਲਿਸ ਅਧਿਕਾਰੀ, ਐਸ.ਐਮ.ਓਜ਼ ਵੀ ਮੌਜੂਦ ਸਨ। ਮੀਟਿੰਗ ਵਿਚ ਡਿਪਟੀ ਕਮਿਸ਼ਨਰ ਨੇ ਸਿਵਲ, ਪੁਲਿਸ ਅਤੇ ਸਿਹਤ ਵਿਭਾਗ ਨੂੰ ਆਪਸੀ ਤਾਲਮੇਲ ਨਾਲ ਕੰਮ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਸਪੱਸ਼ਟ ਕੀਤਾ ਕਿ ਓਟ ਸੈਂਟਰ ਅਤੇ ਨਸ਼ਾ ਛੁਡਾਊ ਕੇਂਦਰਾਂ ਵਿਚ ਦਾਖਲ ਅਤੇ ਦਵਾਈ ਲੈਣ ਵਾਲੇ ਮਰੀਜ਼ਾਂ ਨੂੰ ਕਿਸੇ ਤਰ੍ਹਾਂ ਦੀ ਅਸੁਵਿਧਾ ਨਹੀਂ ਹੋਣੀ ਚਾਹੀਦੀ। ਡਿਪਟੀ ਕਮਿਸ਼ਨਰ ਨੇ ਜਾਣਕਾਰੀ ਦਿੱਤੀ ਕਿ ਹੁਣ ਓਟ ਸੈਂਟਰ 'ਤੇ ਮਰੀਜ਼ਾਂ ਦੀ ਰਜਿਸਟਰੇਸ਼ਨ ਤੇ ਦਵਾਈ ਦੀ ਵੰਡ ਦਾ ਸਮੇਂ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਰਹੇਗਾ ਜਦਕਿ ਐਤਵਾਰ ਨੂੰ ਇਸ ਸੇਵਾ ਕੇਵਲ ਸਵੇਰੇ 8 ਵਜੇ ਤੋਂ ਦੁਪਹਿਰ 12 ਵਜੇ ਤੱਕ ਉਪਲਬੱਧ ਹੋਵੇਗੀ। ਐਤਵਾਰ ਅਤੇ ਗਜਟਿਡ ਛੁੱਟੀਆਂ ਵਾਲੇ ਦਿਨ ਰਜਿਸਟਰੇਸ਼ਨ ਨਹੀਂ ਕੀਤੀ ਜਾਵੇਗੀ।

ਮੀਟਿੰਗ ਦੌਰਾਨ ਉਨ੍ਹਾਂ ਦੱਸਿਆ ਕਿ 7 ਮਈ ਤੋਂ ਜ਼ਿਲ੍ਹੇ ਦੇ ਪਿੰਡਾਂ ਵਿਚ ਨਸ਼ਾ ਮੁਕਤੀ ਯਾਤਰਾ ਸ਼ੁਰੂ ਕੀਤੀ ਜਾ ਰਹੀ ਹੈ। ਪ੍ਰਤੀਦਿਨ ਹਰ ਵਿਧਾਨ ਸਭਾ ਹਲਕੇ ਵਿਚ ਤਿੰਨ ਪਿੰਡਾਂ ਵਿਚ ਇਹ ਯਾਤਰਾ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਇਨ੍ਹਾਂ ਯਾਤਰਾਵਾਂ ਦੇ ਸਫ਼ਲ ਸੰਚਾਲਨ ਲਈ ਜ਼ਰੂਰੀ ਨਿਰਦੇਸ਼ ਦਿੱਤੇ ਅਤੇ ਯਕੀਨੀ ਬਣਾਉਣ ਲਈ ਕਿਹਾ ਕਿ ਸਮਾਗਮਾਂ ਵਿਚ ਕਿਸੇ ਤਰ੍ਹਾਂ ਦੀ ਕੋਈ ਕਮੀ ਨਾ ਰਹੇ। ਡਿਪਟੀ ਕਮਿਸ਼ਨਰ ਨੇ ਨਸ਼ਾ ਮੁਕਤੀ ਯਾਤਰਾ ਰਾਹੀਂ ਵੱਧ ਤੋਂ ਵੱਧ ਜਾਗਰੂਕਤਾ ਫੈਲਾਉਣ ਦੀ ਅਪੀਲ ਕੀਤੀ । ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦਾ ਉਦੇਸ਼ ਕੇਵਲ ਨਸ਼ੇ ਦਾ ਵਿਰੋਧ ਨਹੀਂ, ਬਲਕਿ ਸਮਾਜ ਨੂੰ ਸਕਾਰਾਤਮਕ ਦਿਸ਼ਾ ਵੱਲ ਪ੍ਰੇਰਿਤ ਕਰਨਾ ਵੀ ਹੈ।

# ਵਿਸ਼ੇਸ਼ ਬੱਚੇ ਸੱਚਮੁੱਚ ਵਿਸ਼ੇਸ਼ ਹੁੰਦੇ ਹਨ, ਉਨ੍ਹਾਂ ਦਾ ਵਿਕਾਸ ਸਾਡੀ ਸਾਰੀ ਜ਼ਿੰਮੇਵਾਰੀ ਹੈ - ਡਾ. ਰਾਜ ਕੁਮਾਰ ਚੱਬੇਵਾਲ

## ● ਆਸ਼ਾ ਕਿਰਨ ਸਕੂਲ ਨੂੰ 10 ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ● ਉਮੰਗ ਸੀਜ਼ਨ 7 ਦੇ ਜੇਤੂਆਂ ਨੂੰ ਸਨਮਾਨਿਤ ਕੀਤਾ ਗਿਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜਹਾਨਖੇਲਾ ਦੇ ਵਿਸ਼ੇਸ਼ ਬੱਚਿਆਂ ਲਈ ਜੇਐਸਐਸ ਆਸ਼ਾ ਕਿਰਨ ਸਪੈਸ਼ਲ ਸਕੂਲ ਦਾ ਸਟਾਫ਼ ਅਤੇ ਪ੍ਰਬੰਧਨ ਕਮੇਟੀ ਸ਼ਾਨਦਾਰ ਕੰਮ ਕਰ ਰਹੀ ਹੈ ਜਿਸ ਰਾਹੀਂ ਵਿਸ਼ੇਸ਼ ਬੱਚੇ ਆਪਣੇ ਭਵਿੱਖ ਦੇ ਜੀਵਨ ਲਈ ਆਪਣੇ ਆਪ ਨੂੰ ਤਿਆਰ ਕਰ ਰਹੇ ਹਨ ਅਤੇ ਸਾਨੂੰ ਸਾਰਿਆਂ ਨੂੰ ਇਨ੍ਹਾਂ ਬੱਚਿਆਂ ਨੂੰ ਅੱਗੇ ਵਧਣ ਦੇ ਬਰਾਬਰ ਮੌਕੇ ਪ੍ਰਦਾਨ ਕਰਨ ਦੀ ਲੋੜ ਹੈ ਤਾਂ ਜੋ ਉਹ ਆਪਣੇ ਆਪ ਨੂੰ ਕਿਸੇ ਤੋਂ ਘਟੀਆ ਨਾ ਸਮਝਣ, ਇਹ ਗੱਲ ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਇੱਥੇ ਆਸ਼ਾ ਕਿਰਨ ਸਕੂਲ ਵਿਖੇ ਆਯੋਜਿਤ ਇੱਕ ਸਮਾਗਮ ਨੂੰ ਸੰਬੋਧਨ ਕਰਦਿਆਂ ਕਹੀ। ਇਸ ਮੌਕੇ ਉਨ੍ਹਾਂ ਨੇ 5000 ਰੁਪਏ ਦੀ ਗ੍ਰਾਂਟ ਦਾ ਐਲਾਨ ਵੀ ਕੀਤਾ। ਸਕੂਲ ਨੂੰ 10 ਲੱਖ ਰੁਪਏ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਆਸ਼ਾ ਕਿਰਨ ਸਕੂਲ ਦੇ ਵਿਦਿਆਰਥੀ ਵਿਸ਼ੇਸ਼ ਬੱਚਿਆਂ ਵਿੱਚ ਆਯੋਜਿਤ ਸੱਭਿਆਚਾਰਕ ਪ੍ਰੋਗਰਾਮ ਉਮੰਗ ਸੀਜ਼ਨ-7 ਵਿੱਚ ਓਵਰਆਲ ਜੇਤੂ



ਰਹੇ ਸਨ। ਇਸ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਸਕੂਲ ਵਿੱਚ ਆਯੋਜਿਤ ਸਮਾਗਮ ਦੌਰਾਨ ਡਾ. ਰਾਜ ਕੁਮਾਰ ਚੱਬੇਵਾਲ ਵਿਸ਼ੇਸ਼ ਤੌਰ 'ਤੇ ਪਹੁੰਚੇ। ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਇਹ ਵਿਸ਼ੇਸ਼ ਬੱਚੇ ਸੱਚਮੁੱਚ ਵਿਸ਼ੇਸ਼ ਹਨ ਅਤੇ ਸਮਾਜ ਦੇ ਹਰ ਵਰਗ ਨੂੰ ਉਨ੍ਹਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਵਿੱਚ ਬਰਾਬਰ ਦਾ ਹਿੱਸਾ ਮਿਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਤੇ ਕੇਂਦਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ ਅਤੇ ਅਧਿਕਾਰੀਆਂ ਨੂੰ ਸਪੱਸ਼ਟ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਸਰਕਾਰੀ ਦਫ਼ਤਰਾਂ ਵਿੱਚ ਆਉਣ ਵਾਲੇ ਅਪਾਹਜਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਨਾ ਆਵੇ ਅਤੇ ਕੰਮ ਪਹਿਲ ਦੇ ਆਧਾਰ 'ਤੇ ਕੀਤਾ ਜਾਵੇ। ਡਾ. ਰਾਜ ਕੁਮਾਰ ਚੱਬੇਵਾਲ ਨੇ ਭਵਿੱਖ ਵਿੱਚ ਵੀ ਆਸ਼ਾਦੀਪ ਵੈਲਫੇਅਰ ਸੋਸਾਇਟੀ ਨੂੰ ਪੂਰਾ ਸਮਰਥਨ ਦੇਣ ਦਾ ਭਰੋਸਾ ਦਿੱਤਾ। ਪ੍ਰੋਗਰਾਮ ਦੌਰਾਨ, ਜੇਐਸਐਸ ਆਸ਼ਾ ਕਿਰਨ ਅਧਿਆਪਕ ਸਿਖਲਾਈ ਸੰਸਥਾ ਦੇ ਵਿਦਿਆਰਥੀਆਂ, ਜਿਨ੍ਹਾਂ ਨੇ ਉਮੰਗ ਸੀਜ਼ਨ 7 ਦੀ ਸਫਲਤਾ ਵਿੱਚ ਯੋਗਦਾਨ ਪਾਇਆ, ਨੂੰ ਵੀ ਪਰਮਜੀਤ ਸਿੰਘ ਸਚਦੇਵਾ ਦੁਆਰਾ ਸਨਮਾਨਿਤ ਕੀਤਾ ਗਿਆ ਅਤੇ ਨਕਦ ਇਨਾਮ ਦਿੱਤੇ ਗਏ। ਇਸ ਮੌਕੇ ਆਸ਼ਾਦੀਪ ਸੋਸਾਇਟੀ ਦੇ ਸਰਪ੍ਰਸਤ ਪਰਮਜੀਤ ਸਿੰਘ ਸਚਦੇਵਾ ਨੇ ਡਾ. ਰਾਜ ਕੁਮਾਰ ਚੱਬੇਵਾਲ ਦਾ ਧੰਨਵਾਦ ਕੀਤਾ ਅਤੇ ਸਕੂਲ ਵਿੱਚ ਵਿਸ਼ੇਸ਼ ਬੱਚਿਆਂ ਲਈ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ।

# ਅੱਖਾਂ ਦੀ ਰੌਸ਼ਨੀ ਤੋਂ ਬਿਨਾਂ ਜ਼ਿੰਦਗੀ ਇੱਕ ਸਰਾਪ ਹੈ - ਗੋਪੀਚੰਦ ਕਪੂਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਰੋਟਰੀ ਆਈ ਬੈਂਕ ਅਤੇ ਕੋਰਨੀਅਲ ਟ੍ਰਾਂਸਪਲਾਂਟੇਸ਼ਨ ਸੋਸਾਇਟੀ ਵੱਲੋਂ ਪ੍ਰਧਾਨ ਸੰਜੀਵ ਅਰੋੜਾ ਦੀ ਅਗਵਾਈ ਹੇਠ ਇੱਕ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਪਿੰਡ ਜਨੌਂਦੀ ਦੇ ਸ਼੍ਰੀ ਬਲਬੀਰ ਦੇ ਪੁੱਤਰ 6 ਸਾਲਾ ਸਾਗਰ, ਜੋ ਕਿ ਇੱਕ ਅੱਖ ਵਿੱਚ ਪੱਥਰੀ ਫਸਣ ਕਾਰਨ ਪਿਛਲੇ 4 ਸਾਲਾਂ ਤੋਂ ਬਿਲਕੁਲ ਵੀ ਨਹੀਂ ਦੇਖ ਸਕਦਾ ਸੀ, ਨੂੰ ਸਨਮਾਨਿਤ ਕੀਤਾ ਗਿਆ। ਸੋਸਾਇਟੀ ਵੱਲੋਂ ਉਸਦੀ ਅੱਖਾਂ ਦੀ ਮੁਫਤ ਸਰਜਰੀ ਕਰਵਾਉਣ ਤੋਂ ਬਾਅਦ, ਲਾਲਾ ਸੁੰਦਰ ਦਾਸ ਚੈਰੀਟੇਬਲ ਸੋਸਾਇਟੀ ਫਾਰ ਡੈਫ਼ ਐਂਡ ਮੂਟ (ਭੰਗੀ ਪੁਲ ਦੇ ਨੇੜੇ) ਵਿਖੇ ਇੱਕ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਸ਼੍ਰੀ ਅਵਿਨਾਸ਼ ਰਾਏ ਖੰਨਾ, ਸਾਬਕਾ ਰਾਜ ਸਭਾ ਮੈਂਬਰ ਮੁੱਖ ਮਹਿਮਾਨ ਵਜੋਂ ਅਤੇ ਸ਼੍ਰੀ ਗੋਪੀਚੰਦ ਕਪੂਰ ਪ੍ਰਧਾਨ ਸੁੰਦਰ ਆਸ਼ਰਮ ਵਿਸ਼ੇਸ਼ ਮਹਿਮਾਨ ਵਜੋਂ ਮੌਜੂਦ ਸਨ।

ਇਸ ਮੌਕੇ ਸ਼੍ਰੀ ਅਵਿਨਾਸ਼ ਰਾਏ ਖੰਨਾ ਨੇ ਸੁਸਾਇਟੀ ਦੇ ਕੰਮ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਸੁਸਾਇਟੀ ਨੇ ਇਸ ਬੱਚੇ ਦੀ ਸਰਜਰੀ ਮੁਫ਼ਤ ਕਰਵਾ ਕੇ ਇੱਕ ਵੱਡਾ ਪੁੰਨ ਦਾ ਕੰਮ ਕੀਤਾ ਹੈ। ਇਸ ਲਈ, ਸਾਨੂੰ ਸਾਰਿਆਂ ਨੂੰ ਸਮਾਜ ਦਾ ਪੂਰਾ ਸਹਿਯੋਗ ਕਰਨਾ ਚਾਹੀਦਾ ਹੈ ਤਾਂ ਜੋ ਅੰਨ੍ਹੇਪਣ ਤੋਂ ਪੀੜਤ ਲੋਕਾਂ ਨੂੰ ਰੌਸ਼ਨੀ ਮਿਲ ਸਕੇ। ਇਸ



ਮੌਕੇ ਸ਼੍ਰੀ ਗੋਪੀਚੰਦ ਕਪੂਰ ਨੇ ਕਿਹਾ ਕਿ ਰੌਸ਼ਨੀ ਤੋਂ ਬਿਨਾਂ ਜੀਵਨ ਇੱਕ ਸਰਾਪ ਹੈ, ਇਸ ਲਈ ਉਹ ਸਾਰਿਆਂ ਨੂੰ ਅੱਖਾਂ ਦਾਨ ਕਰਕੇ ਇਸ ਮਹਾਂਯੱਗ ਵਿੱਚ ਯੋਗਦਾਨ ਪਾਉਣ ਦੀ ਅਪੀਲ ਕਰਦੇ ਹਨ ਤਾਂ ਜੋ ਅੰਨ੍ਹੇਪਣ ਤੋਂ ਪੀੜਤ ਸਾਰੇ ਲੋਕਾਂ ਨੂੰ ਰੌਸ਼ਨੀ ਮਿਲ ਸਕੇ। ਪ੍ਰਧਾਨ ਸੰਜੀਵ ਅਰੋੜਾ ਅਤੇ ਜੇ. ਬੀ. ਬਹਿਲ ਨੇ ਕਿਹਾ ਕਿ ਕੋਰਨੀਅਲ ਅੰਨ੍ਹੇਪਣ ਤੋਂ ਪੀੜਤ ਲੋਕਾਂ ਨੂੰ ਇੱਕ ਅੱਖ ਪਾ ਕੇ ਦ੍ਰਿਸ਼ਟੀ ਪ੍ਰਦਾਨ ਕੀਤੀ ਜਾਂਦੀ ਹੈ ਕਿਉਂਕਿ ਇੱਕ ਵਿਅਕਤੀ ਦੁਆਰਾ ਦਾਨ ਕੀਤੀਆਂ ਗਈਆਂ ਅੱਖਾਂ ਦੋ ਵਿਅਕਤੀਆਂ ਦੇ ਹਨੇਰੇ ਜੀਵਨ ਵਿੱਚ ਰੌਸ਼ਨੀ ਲਿਆਉਂਦੀਆਂ ਹਨ ਅਤੇ ਸ਼੍ਰੀ ਅਰੋੜਾ ਨੇ ਦੱਸਿਆ ਕਿ ਅੱਖ ਦਾਨੀ ਦੇ ਪਰਿਵਾਰ ਨੂੰ ਉਸਦੇ ਭੋਗ/ਕਿਰਿਆ ਦੇ ਮੌਕੇ 'ਤੇ ਸਨਮਾਨਿਤ ਕੀਤਾ ਜਾਂਦਾ ਹੈ ਤਾਂ ਜੋ ਹੋਰ ਲੋਕ ਵੀ ਇਸ ਤੋਂ ਪ੍ਰੇਰਨਾ ਲੈ ਸਕਣ ਅਤੇ ਅੱਖਾਂ ਦਾਨ ਲਈ ਪ੍ਰਣ ਫਾਰਮ ਭਰ ਸਕਣ। ਵੀਨਾ ਚੋਪੜਾ ਨੇ ਸਟੇਜ ਦਾ ਪ੍ਰਬੰਧ ਬਹੁਤ ਵਧੀਆ ਢੰਗ ਨਾਲ ਕੀਤਾ। ਇਸ ਮੌਕੇ ਮਦਨਲਾਲ ਮਹਾਜਨ, ਵੀਨਾ ਚੋਪੜਾ, ਜਸਵੀਰ ਕੰਵਰ, ਜਗਦੀਸ਼ ਅਗਰਵਾਲ, ਅਸ਼ਵਨੀ ਕੁਮਾਰ ਦੱਤਾ, ਸੁਰਿੰਦਰ ਦੀਵਾਨ, ਪ੍ਰੇਮ ਤਨੇਜਾ, ਕਮਲ ਖੁਰਾਣਾ, ਟਿੰਕੂ ਨਰੂਲਾ, ਅਮਿਤ ਨਾਗਪਾਲ, ਅਵਿਨਾਸ਼ ਸੂਦ, ਰੇਣੂ ਕੰਵਰ, ਨਰੇਸ਼ ਕੁਮਾਰ, ਅਵਤਾਰ ਸਿੰਘ ਕੰਗ, ਤਮੰਨਾ ਤੇ ਹੋਰ ਹਾਜ਼ਰ ਸਨ।

# ਭਾਰਤ ਵਿਕਾਸ਼ ਪ੍ਰੀਸ਼ਦ ਵੱਲੋਂ ਨੇਤਰਦਾਨੀ ਹਰੀਕ੍ਰਿਸ਼ਨ ਸ਼ਰਮਾ ਦੇ ਪਰਿਵਾਰ ਦਾ ਸਨਮਾਨ

**ਡੇਰਾਬਸੀ (ਸੰਜੀਵ ਸਿੰਘ ਸੈਣੀ)** ਭਾਰਤ ਵਿਕਾਸ਼ ਪ੍ਰੀਸ਼ਦ ਵਿਵੇਕਾਨੰਦ ਵੱਲੋਂ ਨੇਤਰਦਾਨੀ ਸ੍ਰੀ ਹਰੀਕ੍ਰਿਸ਼ਨ ਸ਼ਰਮਾ ਦੇ ਪਰਿਵਾਰ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ ਹੈ।

ਡੇਰਾਬੱਸੀ ਦੇ ਮੋਹਨ ਨਗਰ ਦੇ 88 ਸਾਲਾ ਬਜ਼ੁਰਗ ਹਰੀਕ੍ਰਿਸ਼ਨ ਸ਼ਰਮਾ ਦੀਆਂ ਮਰਨ ਉਪਰੰਤ ਅੱਖਾਂ ਦਾਨ ਕੀਤੀਆਂ ਗਈਆਂ ਸਨ। ਇਸ ਨਾਲ ਦੋ ਲੋਕਾਂ ਦੀ ਹਨ੍ਹੇਰੀ ਜ਼ਿੰਦਗੀ ਵਿਚ ਰੌਸ਼ਨੀ ਆਵੇਗੀ। ਭਾਰਤ ਵਿਕਾਸ ਪ੍ਰੀਸ਼ਦ ਵਿਵੇਕਾਨੰਦ ਡੇਰਾਬੱਸੀ ਦੀ ਪ੍ਰੇਰਨਾ ਸਦਕਾ ਸ਼ਰਮਾ ਪਰਿਵਾਰ ਵੱਲੋਂ ਬਜ਼ੁਰਗ ਦੀਆਂ ਅੱਖਾਂ ਦਾਨ ਕੀਤੀਆਂ ਹਨ।

ਪ੍ਰੀਸ਼ਦ ਦੇ ਪ੍ਰਧਾਨ ਡਾਕਟਰ ਬਰਖਾ ਰਾਮ ਅਤੇ ਉਪੇਸ਼ ਬੰਸਲ ਵੱਲੋਂ ਦਿਤੀ ਗਈ ਜਾਣਕਾਰੀ ਮੁਤਾਬਿਕ ਇਹ ਪਰਿਵਾਰ ਕਾਫੀ ਸਾਲ ਪਹਿਲਾਂ ਪਿੰਡ ਸ਼ੇਖਪੁਰ ਕਲਾਂ-ਕਾਰਕੌਰ ਤੋਂ ਆ ਕੇ ਇਥੇ



ਭਾਰਤ ਵਿਕਾਸ ਪ੍ਰੀਸ਼ਦ ਡੇਰਾਬੱਸੀ ਵਿਵੇਕਾਨੰਦ ਦੇ ਅਹੁਦੇਦਾਰ ਸਵਰਗੀ ਹਰੀਕ੍ਰਿਸ਼ਨ ਸ਼ਰਮਾ ਦੇ ਪਰਿਵਾਰ ਦਾ ਸਨਮਾਨ ਕਰਦੇ ਹੋਏ।

ਵਸਿਆ ਸੀ। ਸ਼ਰਮਾ ਪਰਿਵਾਰ ਧਾਰਮਿਕ ਸੰਸਥਾਵਾਂ ਨਾਲ ਜੁੜ ਕੇ ਸਮਾਜ ਸੇਵਾ ਕਰ ਰਿਹਾ ਹੈ ਅਤੇ ਬਹੁਤ ਮਿਹਨਤੀ ਪਰਿਵਾਰ ਹੈ। ਉਨ੍ਹਾਂ ਨੇ ਦੱਸਿਆ ਕਿ ਹਰੀਕ੍ਰਿਸ਼ਨ ਸ਼ਰਮਾ ਆਪਣੇ ਪਿਛੇ ਹੱਸਦਾ ਵੱਸਦਾ ਪਰਿਵਾਰ ਛੱਡ ਗਏ ਹਨ। ਉਨ੍ਹਾਂ ਵੱਲੋਂ ਅੱਖਾਂ ਦਾਨ ਕਰਨ ਨਾਲ ਦੋ ਨੇਤਰਹੀਣਾਂ ਦੀ ਜ਼ਿੰਦਗੀ ਵਿੱਚ ਰੌਸ਼ਨੀ ਆਵੇਗੀ। ਉਪੇਸ਼ ਬੰਸਲ ਅਨੁਸਾਰ ਭਾਰਤ ਵਿਕਾਸ ਪ੍ਰੀਸ਼ਦ ਪਿਛਲੇ ਕਾਫੀ ਸਮੇਂ ਤੋਂ ਅੱਖਾਂ ਦਾਨ ਕਰਨ ਲਈ ਲੋਕਾਂ ਨੂੰ ਪ੍ਰੇਰਿਤ ਕਰਦੀ ਆ ਰਹੀ ਹੈ ਅਤੇ ਹੁਣ ਤੱਕ 157 ਲੋਕਾਂ ਦੀਆਂ ਅੱਖਾਂ ਦਾਨ ਕਰਵਾਈਆਂ ਜਾ ਚੁੱਕੀਆਂ ਹਨ। ਸਵਰਗੀ ਹਰੀਕਿਸ਼ਨ ਸ਼ਰਮਾ ਨਮਿਤ ਪਾਠ ਦੇ ਭੋਗ ਸਥਾਨਕ ਸ੍ਰੀ ਰਾਮ ਮੰਦਿਰ ਵਿਖੇ ਪਾਏ ਗਏ। ਇਸ ਮੌਕੇ ਡੇਰਾਬੱਸੀ ਦੀਆਂ ਵੱਖ-ਵੱਖ ਸਮਾਜ ਸੇਵੀ, ਧਾਰਮਿਕ ਅਤੇ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਦਿਆ ਵਿਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਮੌਕੇ ਪ੍ਰਸ਼ੋਤਮ ਕੁਮਾਰ ਸ਼ਰਮਾ ਵੱਲੋਂ ਸਭਨਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਆਮ ਆਦਮੀ ਪਾਰਟੀ ਦੇ ਆਗੂ ਨਰੇਸ਼ ਉਪ-ਨੇਜਾ, ਭਾਜਪਾ ਆਗੂ ਪਵਨ ਕੁਮਾਰ ਧੀਮਾਨ, ਸਮਾਜ ਸੇਵੀ ਸੁਨੀਲ ਕੁਮਾਰ ਸੈਣੀ, ਬਲਬੀਰ ਸਿੰਘ ਧਨੌਨੀ, ਡਾ. ਬਰਖਾ ਰਾਮ ਡੇਰਾਬੱਸੀ, ਉਪੇਸ਼ ਕੁਮਾਰ ਬੰਸਲ ਸਮੇਤ ਵੱਡੀ ਗਿਣਤੀ ਲੋਕਾਂ ਨੇ ਸ਼ਮੂਲੀਅਤ ਕੀਤੀ।

# ਹਰਦੇਵ ਸਿੰਘ ਆਸੀ ਨੇ ਹੁਸ਼ਿਆਰਪੁਰ ਦੇ ਜ਼ਿਲਾ ਲੋਕ ਸੰਪਰਕ ਅਫ਼ਸਰ ਦਾ ਅਹੁਦਾ ਸੰਭਾਲਿਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਵੱਲੋਂ ਜ਼ਿਲਾ ਲੋਕ ਸੰਪਰਕ ਅਫ਼ਸਰਾਂ ਦੀਆਂ ਕੀਤੀਆਂ ਗਈਆਂ ਬਦਲੀਆਂ ਅਤੇ ਨਿਯੁਕਤੀਆਂ ਦੇ ਚੱਲਦਿਆਂ ਅਫ਼ਸਰ ਸ਼ਹੀਦ ਭਗਤ ਸਿੰਘ ਨਗਰ ’ਚ ਤਾਇਨਾਤ 2011 ਬੈਚ ਦੇ ਲੋਕ ਸੰਪਰਕ ਅਫ਼ਸਰ ਹਰਦੇਵ ਸਿੰਘ ਆਸੀ ਵੱਲੋਂ ਅੱਜ ਹੁਸ਼ਿਆਰਪੁਰ ਜ਼ਿਲ੍ਹਾ ਲੋਕ ਸੰਪਰਕ ਨਗਰ ਵਜੋਂ ਅਹੁਦਾ ਸੰਭਾਲ ਲਿਆ ਗਿਆ। ਇਸ ਤੋਂ ਪਹਿਲਾਂ ਵੀ ਉਹ 18 ਅਗਸਤ 2022 ਤੋਂ 6 ਸਤੰਬਰ 2024 ਦੌਰਾਨ ਹੁਸ਼ਿਆਰਪੁਰ ਵਿਖੇ ਸ਼ਾਨਦਾਰ ਸੇਵਾਵਾਂ ਨਿਭਾਅ ਚੁੱਕੇ ਹਨ। ਇਸ ਮੌਕੇ ਉਨਾਂ ਕਿਹਾ ਕਿ ਉਹ ਆਪਣੀ ਡਿਊਟੀ ਪੂਰੀ ਇਮਾਨਦਾਰੀ, ਦ੍ਰਿੜਤਾ ਅਤੇ ਤਨਦੇਹੀ ਨਾਲ ਨਿਭਾਉਣਗੇ। ਉਨਾਂ ਕਿਹਾ ਕਿ ਜ਼ਿਲ੍ਹਾ ਵਾਸੀਆਂ ਨੂੰ ਸਰਕਾਰ ਦੀਆਂ ਭਲਾਈ ਸਕੀਮਾਂ ਅਤੇ ਪ੍ਰੋਗਰਾਮਾਂ ਤੋਂ ਜਾਣੂ ਕਰਵਾਉਣਾ ਅਤੇ ਇਨ੍ਹਾਂ ਨੂੰ ਹੇਠਲੇ



ਪੱਧਰ 'ਤੇ ਹਰੇਕ ਵਿਅਕਤੀ ਤੱਕ ਪਹੁੰਚਾਉਣਾ ਉਨ੍ਹਾਂ ਦੀ ਮੁੱਖ ਤਰਜੀਹ ਹੋਵੇਗੀ। ਉਨ੍ਹਾਂ ਕਿਹਾ ਕਿ ਉਹ ਜ਼ਿਲ੍ਹਾ ਪ੍ਰਸ਼ਾਸਨ ਤੇ ਮੀਡੀਆ ਵਿਚਾਲੇ ਇਕ ਪੁਲ ਦੇ ਤੌਰ 'ਤੇ ਕੰਮ ਕਰਨਗੇ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਪੱਤਰਕਾਰਾਂ ਨਾਲ ਵਧੀਆ ਤਾਲਮੇਲ ਬਣਾ ਕੇ ਜ਼ਿਲ੍ਹੇ ਦੀ ਤਰੱਕੀ ਤੇ ਖੁਸ਼ਹਾਲੀ ਵਿਚ ਯੋਗਦਾਨ ਪਾਉਣਗੇ। ਉਨ੍ਹਾਂ ਇਹ ਵੀ ਕਿਹਾ ਕਿ ਉਹ ਮੀਡੀਆ ਕਰਮੀਆਂ ਨੂੰ ਦਰਪੇਸ਼ ਮੁਸ਼ਕਿਲਾਂ ਦੇ ਹੱਲ ਲਈ ਹਮੇਸ਼ਾ ਤੱਤਪਰ ਰਹਿਣਗੇ।

# 8 ਮਈ ਨੂੰ ਜਲਾਲਪੁਰ ਤੋਂ ਹੋਵੇਗੀ ਨਸ਼ਾ ਮੁਕਤੀ ਯਾਤਰਾ ਦੀ ਸ਼ੁਰੂਆਤ

## ਮੁੱਖ ਮੰਤਰੀ ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਕਰਨਗੇ ਸੰਬੋਧਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਇਕ ਇਤਿਹਾਸਕ ਪਹਿਲ ਕੀਤੀ ਜਾ ਰਹੀ ਹੈ। ਇਸੇ ਕੜੀ ਵਿਚ 8 ਮਈ ਨੂੰ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਨੈਸ਼ਨਲ ਕਨਵੀਨਰ ਆਮ ਆਦਮੀ ਪਾਰਟੀ ਅਰਵਿੰਦ ਕੇਜਰੀਵਾਲ ਟਾਂਡਾ ਦੇ ਪਿੰਡ ਜਲਾਲਪੁਰ ਤੋਂ ਨਸ਼ਾ ਮੁਕਤੀ ਯਾਤਰਾ ਦੀ ਸ਼ੁਰੂਆਤ ਕਰਨਗੇ। ਇਸ ਸਬੰਧ ਵਿਚ ਤਿਆਰੀਆਂ ਨੂੰ ਅੰਤਿਮ ਰੂਪ ਦੇਣ ਲਈ ਅੱਜ ਜਲਾਲਪੁਰ ਸਥਿਤ ਸਚਿਨ ਪੈਲੇਸ ਵਿਚ ਇਕ ਅਹਿਮ ਮੀਟਿੰਗ ਕੀਤੀ ਗਈ ਜਿਸ ਦੀ ਪ੍ਰਧਾਨਗੀ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਅਤੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕੀਤੀ। ਮੀਟਿੰਗ ਵਿਚ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ



ਸਮਾਗਮ ਨਾਲ ਸਬੰਧਤ ਤਿਆਰੀਆਂ ਨੂੰ ਨਿਸ਼ਚਿਤ ਸਮੇਂ ਵਿਚ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਗਏ। ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਨੇ ਦੱਸਿਆ ਕਿ ਇਹ ਯਾਤਰਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਉਸ ਵਚਨਬੱਧਤਾ ਦਾ ਹਿੱਸਾ ਹੈ ਜਿਸ ਤਹਿਤ ਸੂਬੇ ਨੂੰ ਨਸ਼ੇ ਦੀ ਚਪੇਟ ਤੋਂ ਬਾਹਰ ਕੱਢਣ ਦਾ ਸੰਕਲਪ ਲਿਆ ਗਿਆ ਹੈ। ਉਨ੍ਹਾਂ ਆਮ ਜਨਤਾ ਨੂੰ ਅਪੀਲ ਕੀਤੀ ਕਿ ਉਹ ਇਸ ਲੋਕ ਅੰਦੋਲਨ ਵਿਚ ਵੱਧ ਚੜ੍ਹ ਕੇ ਹਿੱਸਾ ਲੈਣ ਅਤੇ ਵੱਧ ਤੋਂ ਵੱਧ ਗਿਣਤੀ ਵਿਚ 8 ਮਈ ਨੂੰ ਜਲਾਲਪੁਰ ਪਹੁੰਚਣ।

ਡਿਪਟੀ ਕਮਿਸ਼ਨਰ ਨੇ ਜਾਣਕਾਰੀ ਦਿੱਤੀ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ 8 ਮਈ ਨੂੰ ਸਵੇਰੇ 11 ਵਜੇ ਜਲਾਲਪੁਰ ਸਥਿਤ ਸਚਿਨ ਪੈਲੇਸ ਵਿਚ ਲੋਕਾਂ ਨੂੰ ਸੰਬੋਧਨ ਕਰਨਗੇ। ਉਨ੍ਹਾਂ ਦੱਸਿਆ ਕਿ ਇਸ ਇਤਿਹਾਸਕ ਸਮਾਗਮ ਨੂੰ ਸਫ਼ਲ ਬਣਾਉਣ ਲਈ ਪ੍ਰਸਾਸਨ ਵਲੋਂ ਵਿਅਪਕ ਪ੍ਰਬੰਧ ਕੀਤੇ ਜਾ ਰਹੇ ਹਨ ਅਤੇ ਸੁਰੱਖਿਆ, ਟਰੈਫਿਕ ਅਤੇ ਹੋਰ ਵਿਵਸਥਾ ਨੂੰ ਲੈ ਕੇ ਸਾਰੇ ਵਿਭਾਗਾਂ ਨੂੰ ਦਿਸ਼ਾ-ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ। ਇਸ ਮੌਕੇ ਹੋਰ ਪ੍ਰਸ਼ਾਸਨਿਕ ਅਤੇ ਪੁਲਿਸ ਅਧਿਕਾਰੀ ਵੀ ਮੌਜੂਦ ਸਨ।

# ਚਾਈਲਡ ਹੈਲਪਲਾਈਨ ਵੱਲੋਂ ਇੱਕ ਜਾਗਰੂਕਤਾ ਮੁਹਿੰਮ ਚਲਾਈ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਚਾਈਲਡ ਹੈਲਪਲਾਈਨ ਟੀਮ ਵੱਲੋਂ ਜਨਕਪੁਰ ਪਿੰਡ ਵਿੱਚ ਸੁਨੀਤਾ ਦੇਵੀ ਦੀ ਆਂਗਣਵਾੜੀ ਵਿੱਚ ਇੱਕ ਜਾਗਰੂਕਤਾ ਮੁਹਿੰਮ ਚਲਾਈ ਗਈ ਅਤੇ ਲੋਕਾਂ ਨੂੰ ਕਿਹਾ ਗਿਆ ਕਿ ਜੇਕਰ ਤੁਸੀਂ ਕੋਈ ਗੁੰਮ ਹੋਇਆ ਬੱਚਾ ਜਾਂ ਲੋੜਵੰਦ ਬੱਚਾ ਦੇਖਦੇ ਹੋ, ਤਾਂ ਤੁਰੰਤ 1098 'ਤੇ ਕਾਲ ਕਰੋ ਅਤੇ ਉਨ੍ਹਾਂ ਨੂੰ ਕਿਹਾ ਗਿਆ ਕਿ ਜੇਕਰ ਕੋਈ ਤੁਹਾਨੂੰ ਮੇਲੇ ਵਿੱਚ ਬਾਲ ਮਜ਼ਦੂਰੀ ਜਾਂ ਭੀਖ ਮੰਗਣ ਲਈ ਮਜਬੂਰ ਕਰਦਾ ਹੈ, ਤਾਂ ਤੁਰੰਤ 1098 'ਤੇ ਕਾਲ ਕਰੋ ਅਤੇ ਸਾਨੂੰ ਸੂਚਿਤ ਕਰੋ। ਇਹ ਕੰਮ ਟੀਮ ਦੇ ਮੈਂਬਰਾਂ ਕੁਲਬੀਰ ਅਤੇ ਰਜਨੀ ਦੁਆਰਾ ਕੀਤਾ ਗਿਆ ਸੀ। ਅਤੇ ਲੋਕਾਂ ਨੂੰ ਚਾਈਲਡ ਹੈਲਪਲਾਈਨ ਨਾਲ ਸਬੰਧਤ ਪੈਂਫਲੇਟ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਜੇਕਰ ਤੁਹਾਨੂੰ ਇਸ ਮੇਲੇ ਦੌਰਾਨ ਕੋਈ ਲੋੜਵੰਦ ਬੱਚਾ ਦਿਖਾਈ ਦਿੰਦਾ ਹੈ, ਤਾਂ ਤੁਰੰਤ 1098 'ਤੇ ਸੂਚਿਤ ਕਰਕੇ ਸਾਨੂੰ ਸੂਚਿਤ ਕਰੋ। ਚਾਈਲਡ ਹੈਲਪਲਾਈਨ ਨੰਬਰ 1098 ਦੀਆਂ ਗਤੀਵਿਧੀਆਂ ਅਤੇ ਕੰਮਕਾਜ ਬਾਰੇ ਵਿਸਥਾਰ ਵਿੱਚ ਦੱਸਿਆ ਗਿਆ ਅਤੇ ਵੱਖ-ਵੱਖ ਬਾਲ ਅਧਿਕਾਰਾਂ ਬਾਰੇ ਜਾਣਕਾਰੀ ਦਿੱਤੀ ਗਈ।

ਚਾਈਲਡ ਹੈਲਪਲਾਈਨ ਟੀਮ ਨੇ ਹਿਮਾਚਲ ਪ੍ਰਦੇਸ਼ ਸਰਕਾਰ ਦੇ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਅਧੀਨ ਚਲਾਈਆਂ ਜਾ ਰਹੀਆਂ ਬੱਚਿਆਂ ਲਈ ਵੱਖ-ਵੱਖ ਭਲਾਈ ਸਕੀਮਾਂ ਬਾਰੇ ਵੀ ਜਾਣਕਾਰੀ ਪ੍ਰਦਾਨ ਕੀਤੀ। ਬੱਚਿਆਂ ਨੂੰ




ਚਾਈਲਡ ਹੈਲਪਲਾਈਨ ਟੀਮ ਦੇ ਮੈਂਬਰਾਂ ਵਰਦਾਨ ਅਤੇ ਮੈਡਮ ਰਜਨੀ ਦੁਆਰਾ ਟੋਲ ਫ੍ਰੀ ਨੰਬਰ 1098 ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਮੁਫ਼ਤ ਚਾਈਲਡ ਹੈਲਪਲਾਈਨ ਫ਼ੋਨ ਸੇਵਾ 1098 ਰਾਹੀਂ, ਅਨਾਥ, ਅਰਧ-ਅਨਾਥ, ਸਕੂਲ ਛੱਡਣ ਵਾਲੇ, ਭਗੌੜੇ, ਮਾਨਸਿਕ ਅਤੇ ਸਰੀਰਕ ਤੌਰ 'ਤੇ ਅਪਾਹਜ, ਸ਼ੋਸ਼ਿਤ, ਬਹੁਤ ਗਰੀਬ, ਬਾਲ ਵਿਆਹ ਤੋਂ ਪੀੜਤ ਬੱਚੇ, ਬਾਲ ਮਜ਼ਦੂਰੀ, ਛੇੜਛਾੜ ਦੇ ਸ਼ਿਕਾਰ ਅਤੇ ਕਿਸੇ ਹੋਰ ਕਾਰਨ ਕਰਕੇ ਸ਼ੋਸ਼ਣ ਕੀਤੇ ਗਏ ਬੱਚਿਆਂ ਲਈ ਚਾਈਲਡ ਹੈਲਪਲਾਈਨ ਵੱਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਦਾਨ ਕੀਤੀ ਗਈ। ਹਾਜ਼ਰ ਭਾਗੀਦਾਰਾਂ ਨੂੰ ਪੋਕਸੋ ਐਕਟ ਬਾਰੇ ਵੀ ਜਾਗਰੂਕ ਕੀਤਾ ਗਿਆ। ਪ੍ਰੋਗਰਾਮ ਵਿੱਚ, ਭਾਗੀਦਾਰਾਂ ਨੂੰ ਦੱਸਿਆ ਗਿਆ ਕਿ ਜੇਕਰ ਕੋਈ ਨਾਬਾਲਗ ਬੱਚਾ ਕਿਸੇ ਦੁਆਰਾ ਗੁੰਮਰਾਹ ਕੀਤਾ ਜਾਂਦਾ ਹੈ, ਤਾਂ ਇਸਨੂੰ ਕਿਸੇ ਵੀ ਤਰ੍ਹਾਂ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ। ਇਸ ਦੇ ਨਾਲ ਹੀ ਨਸ਼ਿਆਂ ਦੀ ਲਤ ਅਤੇ ਸੋਸ਼ਲ ਮੀਡੀਆ ਦੀ ਵਰਤੋਂ ਦੀਆਂ ਬੁਰਾਈਆਂ ਬਾਰੇ ਵੀ ਚਰਚਾ ਕੀਤੀ ਗਈ ਅਤੇ ਸੋਸ਼ਲ ਮੀਡੀਆ ਦੇ ਫਾਇਦੇ ਅਤੇ ਨੁਕਸਾਨ ਦੱਸੇ ਗਏ।ਚਾਈਲਡ ਹੈਲਪਲਾਈਨ ਦੇ ਟੀਮ ਮੈਂਬਰ ਵਰਦਾਨ ਨੇ ਬੱਚਿਆਂ ਨੂੰ ਸੁਰੱਖਿਅਤ ਅਤੇ ਅਸੁਰੱਖਿਅਤ ਛੂਹਣ ਵਿੱਚ ਅੰਤਰ ਸਮਝਾਇਆ। ਉਨ੍ਹਾਂ ਨੇ ਬੱਚਿਆਂ ਨਾਲ ਅਨੁਸ਼ਾਸਨ ਅਤੇ ਨੈਤਿਕ ਸਿੱਖਿਆ ਨਾਲ ਸਬੰਧਤ ਕੁਝ ਕੀਮਤੀ ਜਾਣਕਾਰੀ ਵੀ ਸਾਂਝੀ ਕੀਤੀ। ਇਸ ਦੇ ਨਾਲ ਹੀ, ਸਾਰੇ ਭਾਗੀਦਾਰਾਂ ਨੂੰ ਚਾਈਲਡ ਹੈਲਪਲਾਈਨ ਬਾਰੇ ਜਾਣਕਾਰੀ ਵਾਲੇ ਪੋਸਟਰ ਵੀ ਵੰਡੇ ਗਏ। ਸਕੂਲ ਦੇ ਨੋਟਿਸ ਬੋਰਡ 'ਤੇ ਚਾਈਲਡ ਹੈਲਪਲਾਈਨ ਨਾਲ ਸਬੰਧਤ ਪੋਸਟਰ ਵੀ ਲਗਾਏ ਗਏ ਸਨ। ਜੇਕਰ ਤੁਹਾਨੂੰ ਕਿਤੇ ਵੀ ਕੋਈ ਲੋੜਵੰਦ ਬੱਚਾ ਦਿਖਾਈ ਦਿੰਦਾ ਹੈ, ਤਾਂ ਕਿਰਪਾ ਕਰਕੇ ਸਾਨੂੰ ਤੁਰੰਤ 10:98 'ਤੇ ਕਾਲ ਕਰਕੇ ਸੂਚਿਤ ਕਰੋ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਬਲਾਕ ਬਲਾਚੌਰ ਦੀ ਮੀਟਿੰਗ ਹੋਈ

**ਬਲਾਚੌਰ (ਚਰਨਜੀਤ ਸੱਲ੍ਹਾ )** ਅੱਜ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਬਲਾਕ ਸੜੋਆ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਡਾਕਟਰ ਜਸਵੀਰ ਸਿੰਘ ਗੜ੍ਹੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਵਿਸ਼ੇਸ਼ ਤੌਰ ਤੇ ਜ਼ਿਲ੍ਹਾ ਚੇਅਰਮੈਨ ਡਾਕਟਰ ਸੁਰਿੰਦਰ ਪਾਲ ਸਿੰਘ ਜੈਨ ਪੁਰੀ ਪਹੁੰਚੇ ਅਤੇ ਕਾਠਗੜ੍ਹ ਦੇ ਬਲਾਕ ਪ੍ਰਧਾਨ ਡਾਕਟਰ ਰਜਿੰਦਰ ਸਿੰਘ ਲੱਕੀ ਵਿਸ਼ੇਸ਼ ਤੌਰ ਤੇ ਪਹੁੰਚੇ ਇਸ ਦੌਰਾਨ ਜ਼ਿਲ੍ਹਾ ਚੇਅਰਮੈਨ ਨੇ ਕਿਹਾ ਕਿ 1ਮਈ ਦੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਦੋ ਮਿੰਟ ਦਾ ਮੋਨ ਧਾਰ ਕੇ ਸ਼ਰੰਧਾਲੀ ਦਿੱਤੀ ਗਈ ਅਤੇ ਉਨ੍ਹਾਂ ਦੀ ਕੁਰਬਾਨੀ ਨੂੰ ਸਦਾ ਹੀ ਯਾਦ ਰੱਖਿਆ ਜਾਵੇਗਾ ਇਸ ਦੇ



ਨਾਲ ਹੀ ਪਹਿਲਗਾਮ ਅੱਤਵਾਦੀ ਹਮਲੇ ਵਿਚ ਮਾਰੇ ਗਏ ਸਲਾਨੀਆ ਨੂੰ ਸ਼ਰਧਾਜਲੀ ਦਿੱਤੀ ਗਈ ਐਸੋਸੀਏਸ਼ਨ ਵਲੋ ਇਸ ਦੀ ਜੋਰਦਾਰ ਨਖੇਦੀ ਕੀਤੀ ਗਈ ਪਹਿਲਗਾਮ ਹਮਲੇ ਦੇ ਦੋਸ਼ੀਆ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇ ਪੰਜਾਬ ਸਰਕਾਰ ਵਲੋਂ ਸਾਡੀਆ ਮਨੀਆ ਹੋਇਆ ਮੰਗਾ ਜਲਦੀ ਲਾਗੂ ਕੀਤੀਆਂ ਜਾਣ ਇਸ ਤਰ੍ਹਾਂ ਹਾਜਰ ਹੋਏ ਡਾ ਨਿਰਮਲ ਸਿੰਘ ਡਾ ਜਸਵੀਰ ਸਿੰਘ ਡਾ ਜੋਗਰਾਜ ਡਾ ਸੁਰਿੰਦਰ ਨੋਰਧ ਡਾ ਇਕਬ-ਾਲ ਸਿੰਘ ਡਾ ਅਮਰਜੀਤ ਡਾ ਰਾਕੇਸ਼ ਸਿੰਘ ਡਾ ਹੈਪੀ ਡਾ ਜਗਤਾਰ ਡਾ ਜਗਜੀਵਨ ਡਾ ਪ੍ਰੇਮ ਕੁਮਾਰ ਡਾ ਲਲਿਤ ਕੁਮਾਰ ਡਾ ਗੁਰਦੇਵ ਸਿੰਘ ਡਾ ਦਿਲਬਾਗ ਸਿੰਘ ਆਦਿ ਹਾਜ਼ਰ ਸਨ।

**ਪ੍ਰੈਸ ਸਕੱਤਰ ਡਾਕਟਰ ਬਲਵੀਰ ਮਾਨ**
**9417175640**

for more news visit:
www.samajweekly.com

## 'ਕੱਲਾ ਬਹਿ ਕੇ ਸੋਚੀਂ ਰੁ.ਲਦੂ ਸਿੰਆਂ

ਕਦੇ ਤੂੰ ਦਾਤਾ ਹੁੰਦਾ ਸੀ ,
ਭਿਖਾਰੀ ਬਣਕੇ ਰਹਿ ਗਿਆ ਏਂ ।
ਤੂੰ ਖ਼ੁਦ ਨੂੰ ਰੱਬ ਸਮਝਦਾ ਸੀ ,
ਪੁਜਾਰੀ ਬਣਕੇ ਰਹਿ ਗਿਆ ਏਂ ।
ਕਦਰ ਨਾ ਜਿਉਂਦੇ ਜੀ ਹੋਣੀ ,
ਮਰਨ ਤੋਂ ਮਗਰੋਂ ਪੂਜਣਗੇ ;
ਤੂੰ ਸਾਰੇ ਈ ਕੰਮ ਕਾਰ ਛੱਡ ਕੇ ,
ਲਿਖਾਰੀ ਬਣਕੇ ਰਹਿ ਗਿਆ ਏਂ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

## ਘਰਾਂ ਅੰਦਰ


ਕਿਦੋਂ ਟਿਕਦੇ ਨੇ ਬਹੁਤੀ ਦੇਰ ਉਹ ਪੰਛੀ ਘਰਾਂ ਅੰਦਰ
ਉਡਾਰੀ ਭਰਨ ਦਾ ਜਜ਼ਬਾ ਹੈ ਜਿਹਨਾ ਦੇ ਪਰਾਂ ਅੰਦਰ
ਤੂੰ ਪਾਵੀਂ ਜਾ ਨਾ ਪਾਵੀਂ ਖੈਰ ਉਸ ਨੂੰ ,ਹੈ ਤਿਰੀ ਮਰਜੀ
ਜਾ ਵੇਖੀਂ ਕੌਣ ਅੱਜ ਆਇਆ ਖਲੋਤਾ ਹੈ ਦਰਾਂ ਅੰਦਰ
ਬਸ਼ਿਕ ਉਹ ਮਾਣਦੈ ਹਰ ਰੰਗ ਐਪਰ ਮੋਹ ਨਹੀਂ ਪਾਉਂਦਾ
ਮੁਸਾਫਿਰ ਜਾਣਦੈ ਪੱਕਾ ਟਿਕਾਣਾ ਨਈਂ ਸਰਾਂ ਅੰਦਰ
ਕਦੇ ਪਿੰਡੋਂ ਸਾਂ ਜਾਂਦੇ ਸ਼ਹਿਰ ਨੂੰ ਅਣ ਸਰਦਿਆਂ ਆਪਾਂ
ਕਿ ਹੁਣ ਤਾਂ ਸ਼ਹਿਰ ਆ ਵੜਿਆ ਹੈ ਸਾਡੇ ਹੀ ਗਰਾਂ ਅੰਦਰ
ਨਿਰੇ ਹੀ ਜੋਰ ਦੇ ਸਿਰ ਤੇ ਕੁਈ ਨਈਂ ਸੂਰਮਾ ਹੁੰਦਾ
ਜਰਾ ਜਿੰਦਾਦਿਲੀ ਵੀ ਚਾਹੀਦੀ ਜੋਰਾਵਰਾਂ ਅੰਦਰ
ਪਤਾ ਹੀ ਗਲਤ ਦੱਸਦੇ ਨੇ ਪੁਜਾਰੀ ਲੋਕ ਤਾਂ ਉਸਦਾ
ਖੁਦਾ ਤਾਂ ਲੱਭਦਾ ਹੀ ਨਈਂ ਮਸੀਤਾਂ ਮੰਦਰਾਂ ਅੰਦਰ
ਕਿਤੇ ਚੀਖਾਂ,ਕਿਤੇ ਧਾੜੇ ਬੜਾ ਕੁਝ ਹੋਰ ਵੀ ਹੁੰਦਾ
ਨਿਰੀ ਹੀ ਜਿੱਤ ਨਈਂ ਹੁੰਦੀ ਹਮੇਸ਼ਾ ਲਸ਼ਕਰਾਂ ਅੰਦਰ
ਤਰੰਨਮ ਛੇੜ ਕੇ ਐ 'ਜੀਤ' ਬੰਨੀ ਰੰਗ ਤੂੰ ਐਸਾ
ਮੁਹੱਬਤ ਵੰਡੀਏ ਆਪਸ ਚ ਬਹਿ ਕੇ ਮਿੱਤਰਾਂ ਅੰਦਰ



**ਅਮਰਜੀਤ ਸਿੰਘ ਜੀਤ**

## ਕਬਰਾਂ ਸ਼ਿੰਗਾਰੀ ਦੀਆਂ ਨਹੀਂ

ਕਬਰਾਂ ਸ਼ਿੰਗਾਰੀ ਦੀਆਂ ਨਹੀਂ,
ਵੀਰਾਨੇ ਅਤੇ ਉਜਾੜੇ ਇਹਨਾਂ ਦੇ ਸ਼ਿੰਗਾਰ ਨੇ।
ਕੀ ਕਰਨਾ ਹੈ ਦਿਲ ਪਰਚਾ ਕੇ,
ਟੁੱਟੇ ਦਿਲ ਸਬਰ ਅਤੇ ਹੌਕਿਆਂ ਦੇ ਹੱਕਦਾਰ ਨੇ।
ਆਉਂਦੇ ਨੇ ਲੁੱਟ ਕੇ ਲੈ ਜਾਂਦੇ ਨੇ,
ਕੁੱਝ ਲੋਕ ਕਹਿਣ ਨੂੰ ਮਦਦਗਾਰ ਨੇ।
ਬੰਦਿਆਂ ਤੋਂ ਉਮੀਦਾਂ ਖ਼ਤਮ ਹੋਈਆਂ,
ਕਿਉਂਕਿ ਹੁਣ ਸਿਰਫ਼ ਕੁੱਤੇ ਹੀ ਵਫਾਦਾਰ ਨੇ।
ਖ਼ੁਦਾ ਕਰੇ ਕੇ ਫ਼ਸਲ ਬੱਚ ਜਾਏ,
ਹਰ ਖੇਤ ਦੇ ਲੁਟੇਰੇ ਹੀ ਪਹਿਰੇਦਾਰ ਨੇ।
ਪੁੱਛਦਾ ਹੈ ਹਾਲ, ਸਭ ਠੀਕ ਕਹਿੰਨੇ ਹਾਂ,
ਕੀ ਪਤਾ ਭੋਲੇ ਨੂੰ ਅਸੀਂ ਉਹਨੇ ਹੀ ਕੀਤੇ ਬਿਮਾਰ ਨੇ।
ਕੀ ਹੋਇਆ ਜੇ ਸਾਡੇ ਵਾਲ਼ ਚਿੱਟੇ ਹੋ ਗਏ,
ਦਿਲ ਤਾਂ ਬੱਚਾ ਹੈ ਤੇ ਸੁਪਨੇ ਰੰਗਦਾਰ ਨੇ।
ਰੋਕ ਨਾ ਮੈਨੂੰ ਅੱਜ, ਸਭ ਕਹਿ ਲੈਣ ਦੇ।
ਦੋ ਬੀਤ ਗਏ , ਦੋ ਬਾਕੀ ਨੇ, ਸਾਹ ਕੁੱਲ ਸਾਡੇ ਚਾਰ ਨੇ।



**ਅਮ੍ਰਿਤ ਸਰਹੰਦ**
**ਮਾਡਰਨ ਵੈਲੀ,**
**ਫ਼ਤਹਿਗੜ੍ਹ ਸਾਹਿਬ**

## ਮਾਵਾਂ

ਕੁੱਝ ਮਾਵਾਂ ਦੇ ਹਿੱਸੇ ਆਈਆਂ
ਮਾਰੂਥਲ ਦੀਆਂ ਰਾਹਾਂ....
ਕੁੱਝ ਮਾਵਾਂ ਨੇ ਹਾਉਂਕੇ ਸਿੰਜੇ
ਭਰੀਆਂ ਦਰਦ ਦੀਆਂ ਆਹਾਂ....
ਕੁੱਝ ਮਾਵਾਂ ਦੇ ਹਿੱਸੇ ਆਈ
ਚੂਰੀ, ਅਤੇ ਪੰਜੀਰੀ....
ਕੁੱਝ ਮਾਵਾਂ ਦੀਆਂ ਅੱਖਾਂ ਵਿੱਚੋਂ
ਡੁੱਲਿਆ ਰੱਤ ਤਤੀਰੀ....
ਕੁੱਝ ਮਾਵਾਂ ਨੇ ਰਾਜੇ ਜੰਮੇ
ਕੁੱਝ ਮਾਵਾਂ ਨੇ ਸੀਰੀ....
ਕੁੱਝ ਮਾਵਾਂ ਨੇ ਹੁਕਮ ਚਲਾਏ
ਕੁੱਝ ਨਿਭੀਆਂ ਵਾਂਗ ਫਕੀਰੀ....
ਕੁੱਝ ਮਾਵਾਂ ਦੇ ਮਹਿਲ ਨਸੀਬੀਂ
ਕੁੱਝ ਟੁੱਟੀਆਂ ਵਾਂਗ ਸ਼ਤੀਰੀ....
ਕੁੱਝ ਮਾਵਾਂ ਦਾ ਜੋਬਨ ਖਿਲਿਆ
ਕੁੱਝ ਹੰਢੀਆਂ ਵਾਂਗ ਜ਼ੰਜੀਰੀ....
ਕੁੱਝ ਮਾਵਾਂ ਨੇ ਸੁਪਨੇ ਕੱਤੇ
ਤੇ ਕੱਤ ਕੱਤ ਪਹਿਨੇ ਰੱਤੇ....
ਕੁੱਝ ਮਾਵਾਂ ਨੇ ਰਾਹਾਂ ਮਿਣੀਆਂ
ਸਿਰ 'ਤੇ ਚੁੱਕ ਕੇ ਭੱਤੇ.....
ਕੁੱਝ ਮਾਵਾਂ ਨੂੰ ਸਰਵਣ ਪੁੱਤਰ
ਕੁੱਝ ਮਾਵਾਂ ਨੂੰ ਜੁੜੇ ਨਾ
ਟੁੱਕਰ.....
ਕੁੱਝ ਮਾਵਾਂ ਦੇ ਹਾਸੇ ਛਣਕੇ
ਹੋ ਕੇ ਟੱਲੀ ਟੱਲੀ.....
ਕੁੱਝ ਮਾਵਾਂ ਦੇ ਅੱਥਰੂ ਸੁੱਕੇ
ਦੁਨੀਆਂ ਸਮਝੇ ਝੱਲੀ....
ਕੁੱਝ ਮਾਵਾਂ ਨੇ ਵਰੀ ਹੰਢਾਈ
ਰਾਣੀ ਹਾਰ ਗਲ ਲਟਕੇ....
ਕੁੱਝ ਮਾਵਾਂ ਨੇ ਦਾਜ ਬਣਾਏ
ਲੰਬੇ ਤਾਣੇ ਤਣਕੇ......
ਕੁੱਝ ਮਾਵਾਂ ਨੇ ਝੂਟੇ ਝੂਟੇ
ਪਿੱਪਲ ਪੀਂਘ ਬਰੋਟੇ....
ਕੁੱਝ ਮਾਵਾਂ ਦੇ ਹੱਥੋਂ ਛੁੱਟ ਗਏ
ਛਿੱਕੂ ਭਰੇ ਗਲੋਟੇ.....
ਕੁੱਝ ਮਾਵਾਂ ਦੇ ਚਿੱਟੀਆਂ ਚੁੰਨੀਆਂ
ਲਈਆਂ ਵਿੱਚ ਜਵਾਨੀ....
ਕੁੱਝ ਮਾਵਾਂ ਨੇ ਰੰਗ ਹੰਢਾਏ
ਨਿਭਿਆ ਦਿਲ ਦਾ ਜਾਨੀ....
ਕੁੱਝ ਮਾਵਾਂ ਦੇ ਬੋਲ ਫਕੀਰੀ
ਸੁੱਕੀਆਂ ਫਸਲਾਂ ਹਰੀਆਂ.....
ਕੁੱਝ ਮਾਵਾਂ ਦੇ ਹਾਉਂਕੇ ਸੁਣਕੇ
ਖ਼ਾਲੀ ਹੋਈਆਂ ਭਰੀਆਂ....
ਕੁੱਝ ਮਾਵਾਂ ਨੂੰ ਫੁੱਲ ਗੁਬਾਰੇ
ਕੁੱਝ ਮਾਵਾਂ ਨੂੰ ਜੁੜੇ ਨਾ ਕੱਫ਼ਣ
....
ਕੁੱਝ ਮਾਵਾਂ ਨੂੰ ਸਿਜਦੇ ਹੁੰਦੇ
ਕੁੱਝ ਨੂੰ ਧੱਫਾ ਧੋਈ.....
ਜੰਮਣ ਪੀੜਾ ਇੱਕੋ ਜੇਹੀ
"ਗਿੱਲ" ਸੋਚ ਕੇ ਹੁਬਕੀ ਰੋਈ....
"ਗਿੱਲ" ਸੋਚ ਕੇ ਹੁਬਕੀ ਰੋਈ...



**ਬੇਅੰਤ ਕੌਰ**

## .ਗਜ਼ਲ

ਸੱਚ ਦੇ ਰਾਹ ਤੇ ਤੁਰਨਾ ਥੋੜ੍ਹਾ ਸੋਚ ਕੇ ਤੁਰੀਂ
ਖੱਬੇਓਂ ਸੱਜੇ ਜਦ ਮੁੜਨਾ ਥੋੜ੍ਹਾ ਸੋਚ ਕੇ ਮੁੜੀਂ

ਆਪਣੇ ਫਾਇਦੇ ਲਈ ਇਤਿਹਾਸ ਲਿਖੇ ਗਏ ਨੇ
ਜਿਸ ਨੂੰ ਵੀ ਹੋਵੇ ਪੜ੍ਹਨਾ ਥੋੜ੍ਹਾ ਸੋਚ ਕੇ ਪੜ੍ਹੀ

ਗਰੀਬ ਮਜ਼ਲੂਮਾਂ ਲਈ ਇੱਥੇ ਕੋਈ ਨਾ ਖੜ੍ਹਦਾ
ਜੇ ਧਨਾਢਾਂ ਨਾਲ ਖੜ੍ਹਨਾ ਥੋੜ੍ਹਾ ਸੋਚ ਕੇ ਖੜ੍ਹੀ

ਸਾਧਾਂ ਦੇ ਭੇਸ ਵਿੱਚ ਆਏ ਲੁਟੇਰੇ ਬੜੇ ਨੇ
ਜਿਸ ਨਾਲ ਵੀ ਦਿਲੋਂ ਜੁੜਨਾ ਥੋੜ੍ਹਾ ਸੋਚ ਕੇ ਜੁੜੀਂ

ਗ਼ਲ ਲਾਕੇ ਕਈ ਪਿੱਠ ਵਿੱਚ ਛੂਰਾ ਮਾਰ ਜਾਂਦੇ
ਹੱਥ ਜਿਸ ਕਿਸੇ ਦਾ ਫੜ੍ਹਨਾ ਥੋੜ੍ਹਾ ਸੋਚ ਕੇ ਫੜ੍ਹੀ

ਆਵਾਜ਼ ਚੁੱਕਣ ਵਾਲਿਆਂ ਨੂੰ ਜੇਲ੍ਹਾਂ ਮਿਲਦੀਆਂ
ਹੱਕ ਮੰਗਣ ਲਈ ਲੜਨਾ ਥੋੜ੍ਹਾ ਸੋਚ ਕੇ ਲੜੀ

ਟੇਢੇ ਰਾਹ ਬਹੁਤ ਨੇ ਸਿਖਰ ਤੱਕ ਪਹੁੰਚਣ ਲਈ
'ਸੋਹੀ' ਜਿਸ ਪੌੜੀ ਚੜ੍ਹਨਾ ਥੋੜ੍ਹਾ ਸੋਚ ਕੇ ਚੜ੍ਹੀ

**ਗੁਰਮੀਤ ਸਿੰਘ ਸੋਹੀ**
**ਪਿੰਡ-ਅਲਾਲ (ਧੂਰੀ)**
9217981404





# ਸੀਨੀਅਰ ਸਿਟੀਜਨ ਦੀ ਮੀਟਿੰਗ ਧੂਰੀ ਵਿੱਚ

**ਧੂਰੀ (ਰਮੇਸ਼ਵਰ ਸਿੰਘ)** ਅੱਜ ਸੀਨੀਅਰ ਸਿਟੀਜਨ ਵੈਲਫੇਅਰ ਐਸੋਸ਼ੀਏਸ਼ਨ ਧੂਰੀ ਦੀ ਮਹੀਨਾਵਾਰ ਮੀਟਿੰਗ ਐਸੋਸੀਏਸ਼ਨ ਦੇ ਦਫ਼ਤਰ ਵਿਖੇ ਬਹੁਤ ਹੀ ਖੁਸ਼ਗਵਾਰ ਮਾਹੌਲ ਵਿਚ ਹੋਈ। ਮੀਟਿੰਗ ਦੀ ਸ਼ੁਰੂਆਤ ਸਿਰੀ ਜਗਦੀਸ਼ ਵਰਮਾ ਜੀ ਦੇ ਗੀਤ ਨਾਲ ਹੋਈ। ਮੀਟਿੰਗ ਵਲੋਂ ਪਹਿਲਗਾਮ ਵਿੱਚ ਦਹਿਸ਼ਤਗਰਦਾਂ ਵਲੋਂ ਕੀਤੇ ਅਨਮਨੁੱਖੀ ਕਾਰੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਅਤੇ ਮਰਨ ਵਾਲੇ ਸੱਜਣ ਪਿਆਰਿਆਂ ਲਈ ਦੋ ਮਿੰਟ ਦਾ ਮੌਨ ਰੱਖਿਆ ਗਿਆ। ਮੀਟਿੰਗ ਦੀ ਇਹ ਵਿਲੱਖਣਤਾ ਹੁੰਦੀ ਹੈ ਕਿ ਸਾਬਕਾ ਸੈਨਿਕਾਂ ਵਲੋਂ ਬਹੁਤ ਹੀ ਭਰਵੀਂ ਸ਼ਮੂਲੀਅਤ ਕਰਕੇ ਆਪਣੇ ਕੀਮਤੀ ਸੁਝਾਅ ਤੇ ਸਹਿਯੋਗ ਕੀਤਾ ਜਾਂਦਾ ਹੈ। ਮੀਟਿੰਗ ਦੀ ਕਾਰਵਾਈ ਨੂੰ ਅੱਗੇ ਤੋਰਦਿਆਂ ਜਨਰਲ ਸਕੱਤਰ



ਸਰਬਜੀਤ ਸਿੰਘ ਨੇ ਐਸੋਸ਼ੀਏਸ਼ਨ ਨੂੰ ਵਧੇਰੇ ਸੁਚਾਰੂ ਢੰਗ ਨਾਲ ਅੱਗੇ ਵਧਾਉਣ ਅਤੇ ਸ਼ਹਿਰ ਦੀਆਂ ਜਾਇਜ਼ ਸਮੱਸਿਆਵਾਂ ਲਈ ਇੱਕ ਘੰਟਾ ਤੀਹ ਮਿੰਟ ਦਾ ਸੈਸ਼ਨ ਚਲਾਇਆ। ਇਸ ਸੈਸ਼ਨ ਵਿੱਚ ਬੁਲਾਰਿਆਂ ਜਿਨ੍ਹਾਂ ਵਿੱਚ ਸਰਵਸਿਰੀ ਹੰਸ ਰਾਜ ਜੀ ਗਰਗ,ਐਸ ਡੀ ਓ ਰਘਵੀਰ ਚੰਦ ਸ਼ਰਮਾ ਜੀ, ਸੁਰਿੰਦਰ ਸ਼ਰਮਾਂ ਨਾਗਰਾ, ਚਰਨਜੀਤ ਸਿੰਘ ਕੈਂਥ,ਰਾਮ ਨਾਥ ਜੀ, ਗੁਰਦਿਆਲ ਸਿੰਘ ਨਿਰਮਾਣ, ਅਜਮੇਰ ਸਿੰਘ, ਨਰਿੰਦਰ ਬਖਸ਼ੀ ਜੀ,ਹਰਦੀਪ ਸਿੰਘ ਗੁਰਮੇਲ ਸਿੰਘ ਅਤੇ ਹੋਰ ਸਾਥੀਆਂ ਵਲੋਂ ਸ਼ਹਿਰੀਆਂ ਨੂੰ ਆ ਰਹੀਆਂ ਦਰਪੇਸ਼ ਸਮੱਸਿਆਵਾ ਦੀ ਗੱਲ ਕੀਤੀ , ਸਾਰੇ ਹਾਊਸ ਵਲੋਂ ਬੁਲਾਰਿਆਂ ਵਲੋਂ ਦੱਸੀਆਂ ਸਮੱਸਿਆਵਾਂ ਦੀ ਪ੍ਰੋੜਤਾ ਕੀਤੀ। ਸ਼ਹਿਰ ਦੇ ਬਹੁਤ ਹੀ ਪਤਵੰਤੇ ਸੱਜਣ ਮੀਟਿੰਗ ਵਿੱਚ ਹਾਜ਼ਰ ਸਨ। ਅੰਤ ਵਿੱਚ ਮਈ ਮਹੀਨੇ ਵਿੱਚ ਜਨਮੇ ਸੀਨੀਅਰ ਸਿਟੀਜਨ ਸਾਥੀਆਂ ਦਾ ਜਨਮਦਿਨ ਮਨਾਉਂਦਿਆਂ ਉਨ੍ਹਾਂ ਨੂੰ ਹਾਰ ਪਹਿਨਾਕੇ ਅਤੇ ਸਨਮਾਨ ਚਿੰਨ੍ਹ ਦੇ ਸਨਮਾਨਿਤ ਕੀਤਾ ਗਿਆ ਅਤੇ ਸਮੁੱਚੇ ਹਾਊਸ ਵਲੋਂ ਸਾਰੇ ਸਾਥੀਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਉਨ੍ਹਾਂ ਦੀ ਪ੍ਰਸੰਨ ਚਿੱਤ ਲੰਮੀ ਉਮਰ ਦੀ ਕਾਮਨਾ ਕੀਤੀ। ਸਾਰਿਆਂ ਵਲੋਂ ਚਾਹ ਦਾ ਆਨੰਦ ਮਾਣਿਆ। ਅੰਤ ਵਿੱਚ ਪ੍ਰਧਾਨ ਜੀ ਵਲੋਂ ਆਏ ਸਾਥੀਆਂ ਦਾ ਧੰਨਵਾਦ ਕੀਤਾ।

# ਪੰਜਾਬੀ ਦੀ ਪ੍ਰਸਿੱਧ ਚਰਚਿਤ ਲੇਖਿਕਾ ਕਮਲ ਗਿੱਲ ਯੂ.ਕੇ. ਦਾ ਦੂਸਰਾ ਨਾਵਲ "ਅਧੂਰੀ ਕਹਾਣੀ" ਦਾ ਹੋਇਆ ਲੋਕ ਅਰਪਣ






**ਫ਼ਰੀਦਕੋਟ (ਸਮਾਜ ਵੀਕਲੀ)** ਅੱਜ ਕਲਮਾਂ ਦੇ ਰੰਗ ਸਾਹਿਤ ਸਭਾ (ਰਜਿ.) ਫ਼ਰੀਦਕੋਟ ਵੱਲੋਂ ਦੇਸ਼ ਭਗਤ ਪੰਡਿਤ ਚੇਤੰਨ ਦੇਵ ਸਰਕਾਰੀ ਕਾਲਜ ਆਫ ਐਜੂਕੇਸ਼ਨ, ਫ਼ਰੀਦਕੋਟ ਵਿਖੇ ਇੱਕ ਸ਼ਾਨਦਾਰ ਸਮਾਗਮ ਦੌਰਾਨ ਪੰਜਾਬੀ ਦੀ ਪ੍ਰਸਿੱਧ ਚਰਚਿਤ ਲੇਖਿਕਾ ਕਮਲ ਗਿੱਲ ਯੂ.ਕੇ ਦੇ ਦੂਸਰੇ ਨਾਵਲ "ਅਧੂਰੀ ਕਹਾਣੀ" ਦੀ ਘੁੰਡ ਚੁਕਾਈ ਕੀਤੀ ਗਈ।

ਪ੍ਰੈਸ ਨਾਲ ਗੱਲਬਾਤ ਕਰਦਿਆਂ ਸਭਾ ਦੇ ਜਰਨਲ ਸਕੱਤਰ ਜਸਵਿੰਦਰ ਜੱਸ ਨੇ ਦੱਸਿਆਂ ਕਿਹਾ ਕਿ ਮਾਨਮੱਤੀ ਲੇਖਿਕਾ ਕਮਲ ਗਿੱਲ ਵਿਸੇਸ਼ ਤੌਰ ਤੇ ਯੂ.ਕੇ. ਤੋਂ ਫ਼ਰੀਦਕੋਟ ਪਹੁੰਚੇ ਤੇ ਸਮੁੱਚੀ ਸਭਾ ਦਾ ਨਾਵਲ ਲੋਕ ਅਰਪਣ ਕਰਨ ਤੇ ਸ਼ੁਕਰਾਨਾ ਕੀਤਾ ਅਤੇ ਅੱਗੇ ਤੋਂ ਵੀ ਉਨਾਂ ਸਹਿਤਕ ਮੁਹੱਬਤੀ ਸਾਂਝ ਬਣਾਈ ਰੱਖਣ ਦੀ ਉਮੀਦ ਜਤਾਈ। ਇਸ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਸ੍ਰੋਮਣੀ ਲੇਖਕ ਨਿੰਦਰ ਘੁਗਿਆਣਵੀ ਪ੍ਰੋਫੈਸਰ ਆਫ ਪ੍ਰੈਕਟਿਸ ਕੇਂਦਰੀ ਯੂਨਿਵਰਸਿਟੀ ਪੰਜਾਬ, ਵਿਸੇਸ਼ ਮਹਿਮਾਨ ਦੇ ਤੌਰ ਤੇ ਪੰਜਾਬੀ ਦੇ ਪ੍ਰਸਿੱਧ ਗਜ਼ਲਗੋ ਭਾਸ਼ਾ ਅਫਸਰ ਸ੍ਰੀ ਮਨਜੀਤ ਪੁਰੀ ਪਹੁੰਚੇ ਅਤੇ ਸਮਾਗਮ ਦੀ ਪ੍ਰਧਾਨਗੀ ਸੰਗੀਤ ਜਗਤ ਦੇ ਨਾਮਵਰ ਸੰਗੀਤਕਾਰ ਡਾ.ਰਾਜੇਸ਼ ਮੋਹਨ, ਪ੍ਰਿੰਸੀਪਲ, ਦੇਸ਼ ਭਗਤ ਪੰਡਿਤ ਚੇਤੰਨ ਦੇਵ ਸਰਕਾਰੀ ਕਾਲਜ ਆਫ ਐਜੂਕੇਸ਼ਨ, ਫ਼ਰੀਦਕੋਟ ਨੇ ਕੀਤੀ।



ਸਮਾਗਮ ਦੀ ਸ਼ੁਰੂਆਤ ਸਮੇਂ ਸਭਾ ਦੇ ਚੇਅਰਮੈਨ ਪ੍ਰੋ. ਬੀਰ ਇੰਦਰ ਸਰਾਂ ਵੱਲੋਂ ਸਭ ਨੂੰ ਜੀ ਆਇਆਂ ਕਿਹਾ। ਇਸ ਸਮੇਂ ਨਾਵਲ ਲੋਕ ਅਰਪਣ ਦੇ ਨਾਲ ਖ਼ੂਬਸੂਰਤ ਕਵੀ ਦਰਬਾਰ ਵੀ ਕਰਵਾਇਆ ਗਿਆ, ਜਿਸ ਵਿੱਚ ਵੱਖ ਵੱਖ ਕਾਵਿ-ਰੰਗ ਦੇਖਣ ਨੂੰ ਮਿਲੇ। ਅੰਤ ਵਿੱਚ ਆਪਣੇ-ਆਪਣੇ ਖੇਤਰ ਵਿੱਚ ਨਾਮਣਾ ਖੱਟਣ ਵਾਲੀਆਂ ਸਖਸ਼ੀਅਤਾਂ ਨੂੰ ਸਨਮਾਨਿਤ ਕੀਤਾ ਗਿਆਂ, ਜਿੰਨਾ ਵਿਚ ਕਾਮਰੇਡ ਬੀਰ ਸਿੰਘ ਕੰਮੇਆਣਾ, ਲੇਖਿਕਾ ਰਸਪਿੰਦਰ ਕੌਰ, ਕ੍ਰਿਕਟ ਖਿਡਾਰਨ ਰੇਖਾ ਕੌਰ, ਲੋਕ ਗਾਇਕ ਜੀ. ਸ਼ਰਮੀਲਾ, ਜਸਕਰਨ ਸਿੰਘ ਗਿੱਲ ਯੂ.ਕੇ, ਪੱਤਰਕਾਰ ਤੇ ਡਿਜ਼ਾਈਨਰ ਜਤਿੰਦਰ ਸਿੰਘ ਰਾਵਤ ਅਤੇ ਕਰਮ ਸਿੰਘ ਮਹਿਮੀ ਆਦਿ ਸ਼ਾਮਲ ਸਨ। ਪੰਜਾਬੀ ਮਾਂ ਬੋਲੀ ਦੇ ਲਾਡਲੇ ਲੇਖਕ ਤੇ ਰੰਗਕਰਮੀ ਕਸ਼ਮੀਰ ਮਾਨਾ ਤੇ ਚਰਚਿਤ ਗਜ਼ਲਗੋ ਸਿਕੰਦਰ ਮਾਨਵ ਨੇ ਮੰਚ ਸੰਚਾਲਕ ਵਜੋਂ ਵਿਲੱਖਣ ਭੂਮਿਕਾ ਨਿਭਾਈ ਤੇ ਆਪਣੇ ਬੇਹਤਰੀਨ ਸ਼ੇਅਰਾਂ ਨਾਲ ਸਰੋਤਿਆਂ ਵਿਚ ਰਸਮਈ ਰੰਗ ਬਣਾਈ ਰੱਖਿਆ। ਇਸ ਸਮੇਂ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਸਰਬਿੰਦਰ ਸਿੰਘ ਬੇਦੀ, ਮੀਤ ਪ੍ਰਧਾਨ ਗੁਰਜੀਤ ਸਿੰਘ ਹੈਰੀ ਢਿੱਲੋ , ਮੀਤ ਪ੍ਰਧਾਨ ਲੋਕ ਗਾਇਕ ਰਾਜ ਗਿੱਲ ਭਾਣਾ, ਸਹਾਇਕ ਵਿੱਤ ਸਕੱਤਰ ਕੇ.ਪੀ ਸਿੰਘ, ਕਾਨੂੰਨੀ ਸਲਾਹਕਾਰ ਪਰਦੀਪ ਸਿੰਘ ਅਟਵਾਲ, ਬਲਕਾਰ ਸਿੰਘ ਸਹੋਤਾ, ਮਨਮੋਹਨ ਮੋਹਣੀ, ਮੀਡੀਆ ਇੰਚਾਰਜ ਅਸੀਸ ਕੁਮਾਰ, ਚਰਨਜੀਤ ਸਿੰਘ ਚਮੇਲੀ, ਪ੍ਰਚਾਰ ਸਕੱਤਰ ਪਰਮਿੰਦਰ ਕਪੂਰ, ਹੈਰੀ ਭੋਲੂਵਾਲਾ, ਜਸਵੀਰ ਸ਼ਰਮਾ ਦੱਦਾਹੂਰ, ਪ੍ਰੀਤ ਭਗਵਾਨ, ਕੁਲਵਿੰਦਰ ਵਿਰਕ, ਮਨਜਿੰਦਰ ਗੋਲੀ, ਧਰਮ ਪ੍ਰਵਾਨਾ, ਜੀਤ ਕੰਮੇਆਣਾ, ਕੁਲਵੰਤ ਸਰੋਤਾ, ਬਲਦੇਵ ਇਕਵੰਨ, ਬਿੱਕਰ ਵਿਯੋਗੀ, ਕਰਨ ਦਰਦ, ਤੇਜਿੰਦਰ ਬਰਾੜ, ਸੁਖਵਿੰਦਰ ਸਿੰਘ ਗਿੱਲ, ਪ੍ਰੋ ਨਿਰਮਲ ਕੌਸ਼ਿਕ, ਸਰਬਜੀਤ ਸਿੰਘ, ਮਾਹੀ ਮਰਜਾਣਾ, ਲੋਕ ਗਾਇਕ ਗੁਲਾਬ ਫਰੀਦ ਆਦਿ ਹਾਜ਼ਰ ਸਨ।

# ਬਸਪਾ ਦੀ ਪੰਜਾਬ ਸੰਭਾਲੋ ਮਹਿਮ ਨੂੰ ਮਿਲਿਆ ਵੱਡਾ ਹੁਲਾਰਾ ਪਟਿਆਲਾ ਵਿੱਚ ਆਪ ਅਤੇ ਕਾਂਗਰਸ ਦੇ ਲੀਡਰ ਹੋਏ ਬਸਪਾ ਚ ਸ਼ਾਮਿਲ--ਬਿਪਲ ਕੁਮਾਰ, ਕਰੀਮਪੁਰੀ

**ਪਟਿਆਲਾ(ਚਰਨਜੀਤ ਸੱਲ੍ਹਾ)** ਪਟਿਆਲਾ ਵਿਖੇ ਅੱਜ ਬਹੁਜਨ ਸਮਾਜ ਪਾਰਟੀ ਜਿਲਾ ਪਟਿਆਲਾ ਦੀ ਮੀਟਿੰਗ ਵਿੱਚ ਰਿਟਾਇਰਡ ਇਨਕਮ ਟੈਕਸ ਇੰਸਪੈਕਟਰ ਸਰਦਾਰ ਬੰਤ ਸਿੰਘ ਭੰਡੀ ਬਲਾਕ ਤ੍ਰਿਪੁਰੀ ਕਾਂਗਰਸ ਦੇ ਸੈਕਟਰੀ ਅਤੇ ਹਰਜੀਤ ਸਿੰਘ ਆਪ ਪਾਰਟੀ ਦੇ ਜਿਲਾ ਸੈਕਰਟਰੀ ਆਪਣੇ ਸਮਰਥਕਾਂ ਸਮੇਤ ਬਹੁਜਨ ਸਮਾਜ ਪਾਰਟੀ ਵਿੱਚ ਸ਼ਾਮਿਲ ਹੋ ਗਏ,ਸ਼ਾਮਿਲ ਹੋਣ ਵੇਲੇ ਦੋਨਾਂ ਆਗੂਆਂ ਦਾ ਸਿਰੋਪਾ ਪਾ ਕੇ ਪਾਰਟੀ ਦੇ ਕੇਂਦਰੀ ਇਨਚਾਰਜ ਸ੍ਰੀ ਵਿਪੁਲ ਕੁਮਾਰ, ਸਟੇਟ ਪ੍ਰੈਜੀਡੈਂਟ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਅਤੇ ਸਟੇਟ



ਇੰਚਾਰਜ ਪਰਜਾਪਤੀ ਅਜੀਤ ਸਿੰਘ ਭੈਣੀ ਜੀ ਨੇ ਸਨਮਾਨ ਕੀਤਾ,ਪੰਜਾਬ ਸੰਭਾਲੋ ਮਹਿਮ ਦਾ ਹਿੱਸਾ ਬਣਨ ਅਤੇ ਬਸਪਾ ਵਿੱਚ ਸ਼ਾਮਿਲ ਹੋਣ ਤੇ ਧੰਨਵਾਦ ਕੀਤਾ ਗਿਆ ਤੇ ਭਰੋਸਾ ਦਿੱਤਾ ਗਿਆ ਕਿ ਉਹਨਾਂ ਨੂੰ ਪਾਰਟੀ ਵਿਚ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ

# ਪਿੰਡ ਬਹਿਰਾਮ ਵਿਖੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਜਨਮ ਦਿਨ ਮਨਾਇਆ ਗਿਆ

**ਬੰਗਾ (ਚਰਨਜੀਤ ਸੱਲ੍ਹਾ )** ਅੱਜ ਪਿੰਡ ਬਹਿਰਾਮ ਵਿਖੇ ਅੰਬੇਡਕਰ ਨੌਜਵਾਨ ਸਭਾ ਵੱਲੋਂ ਨਗਰ ਦੇ ਸਹਿਯੋਗ ਨਾਲ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਨ ਬਹੁਤ ਹੀ ਸ਼ਰਧਾ ਨਾਲ ਮਨਾਇਆ ਗਿਆ,ਜਿਸ ਵਿੱਚ ਮੁੱਖ ਮਹਿਮਾਨ ਸ਼੍ਰੀ ਗੁਰਦਿਆਲ ਬੌਧ ਜੀ ਯੂ ਕੇ ਅਤੇ ਮੁੱਖ ਬੁਲਾਰੇ ਤੇ ਤੌਰ ਤੇ ਸ਼੍ਰੀ ਲਾਲ ਚੰਦ ਔਜਲਾ ਜੀ ਨੇ ਹਾਜ਼ਰੀ ਲਗਵਾਈ ਤੇ ਹੋਰ ਆਏ ਹੋਏ ਬੁਧੀਜੀਵੀਆਂ ਨੇ ਆਏ ਹੋਏ ਸਾਥੀਆਂ ਨੂੰ ਆਪਣੇ ਵਿਚਾਰਾਂ ਤੋਂ ਜਾਣੂ ਕਰਵਾਇਆ,ਸਮਤਾ ਕਲਾ ਮੰਚ ਤਾਜਪੁਰ,ਲਾਂਬੜੀ ਤੋਂ ਸਾਥੀਆਂ ਨੇ ਆਪਣੀ ਕਲਾ ਰਾਹੀਂ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦੇ ਜੀਵਨ ਸੰਘਰਸ਼ ਤੇ ਝਾਤ ਪਾਈ,ਅਸੀਂ ਬਹੁਤ ਬਹੁਤ ਧੰਨਵਾਦੀ ਹਾਂ ਸਾਰੇ ਹੀ ਆਏ ਸਾਥੀਆਂ ਦੇ ਜਿਨ੍ਹਾਂ ਨੇ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਸਾਡਾ ਸਹਿਯੋਗ ਕੀਤਾ.....ਇਸ ਸਾਲ ਸਕੂਲ ਚੋ ਪਹਿਲੇ,ਦੂਜੇ ਅਤੇ ਤੀਜੇ ਦਰਜ਼ੇ ਚ ਆਉਣ ਵਾਲੇ ਬੱਚਿਆਂ ਨੂੰ ਹੌਸਲਾ ਅਫ਼ਜ਼ਾਈ ਲਈ ਇਨਾਮ ਵਜੋਂ ਆਰਥਿਕ ਰਾਸ਼ੀ,ਕਾਪੀਆਂ ਪੈਨਸਿਲਾਂ ਦੇ ਕੇ ਸਨਮਾਨਿਤ ਕੀਤਾ ਗਿਆ.. ਇਸ ਮੌਕੇ ਤੇ ਪ੍ਰਵੀਨ ਬੰਗਾ ਜੋਨ ਇੰਚਾਰਜ ਲੁਧਿਆਣਾ , ਰਵਿੰਦਰ ਮਹਿਮੀ,ਚਰਨਜੀਤ ਮੰਢਾਲੀ, ਧਰਮਪਾਲ ਤਲਵੰਡੀ, ਕੁਲਦੀਪ ਬਹਿਰਾਮ, ਤੀਰਥ ਕਲਸੀ ਬਹਿਰਾਮ, ਦਰਸ਼ਨ ਬਹਿਰਾਮ, ਪਰਮਜੀਤ ਕੌਰ, ਮਨਜੀਤ ਸੋਨੂੰ ਬਸਪਾ ਦੇ ਆਗੂ ਅਤੇ ਮਿਸ਼ਨਰੀ ਵਰਕਰ ਹਾਜ਼ਰ ਸਨ।





# ਬਠਿੰਡਾ ਦੇ ਬੱਸ ਸਟੈਂਡ ਦਾ ਰੱਫੜ

ਪਿਛਲੇ ਕਾਫੀ ਸਮੇਂ ਤੋਂ ਬਠਿੰਡਾ ਦੇ ਬੱਸ ਅੱਡੇ ਨੂੰ ਉਸਦੇ ਮੌਜੂਦਾ ਸਥਾਨ ਤੋਂ ਤਬਦੀਲ ਕਰਨ ਦੀ ਚਰਚਾ ਚੱਲ ਰਹੀ ਸੀ। ਪਰ ਕੋਈਂ ਜਗ੍ਹਾ ਫਾਈਨਲ ਨਹੀਂ ਹੋ ਰਹੀ ਸੀ। ਹੁਣ ਇਸ ਨੂੰ ਮਲੋਟ ਰੋਡ ਤੇ ਲ਼ੈਜਾਣ ਲਈ ਸਰਕਾਰ ਅਤੇ ਪ੍ਰਸ਼ਾਸ਼ਨ ਜੋਰ ਲਗਾ ਰਿਹਾ ਹੈ। ਪ੍ਰੰਤੂ ਇਸਦੇ ਨਾਲ ਹੀ ਇਸ ਦੇ ਵਿਰੋਧ ਵਿੱਚ ਇੱਕ ਜਨਅੰਦੋਲਨ ਸ਼ੁਰੂ ਹੋ ਗਿਆ ਹੈ। ਜਿਸ ਵਿੱਚ ਜਨਸਾਧਾਰਨ ਆਦਮੀ (ਆਮ ਆਦਮੀ ਇਸ ਲਈ ਨਹੀਂ ਲਿਖਿਆ ਕਿਉਂਕਿ ਆਮ ਆਦਮੀ ਖਾਸ ਲੋਕਾਂ ਦੇ ਹੱਥਠੋਕੇ ਬਣ ਚੁੱਕੇ ਹਨ) ਤੋਂ ਲੈਕੇ ਵੱਖ ਵੱਖ ਸਿਆਸੀ ਪਾਰਟੀਆਂ ਦੇ ਆਗੂ, ਸਮਾਜ ਸੇਵੀ ਸੰਸਥਾਵਾਂ, ਮਜਦੂਰ, ਕਿਸਾਨ ਯੂਨੀਅਨਾਂ, ਵਿਦਿਆਰਥੀ ਜਥੇਬੰਦੀਆਂ ਅਤੇ ਕੁਝ ਹੋਰ ਸੰਸਥਾਵਾਂ ਸ਼ਾਮਿਲ ਹਨ। ਅੱਜ ਇਸ ਧਰਨੇ ਦਾ ਤੇਰਵਾਂ ਦਿਨ ਹੈ। ਭਾਵੇਂ ਇਹ ਅੰਦੋਲਨ ਫਿਲਹਾਲ ਸ਼ਾਂਤਮਈ ਤਰੀਕੇ ਨਾਲ ਚੱਲ ਰਿਹਾ ਹੈ ਤੇ ਸਰਕਾਰਾਂ ਸ਼ੁਰੂ ਸ਼ੁਰੂ ਵਿੱਚ ਇਹੋ ਜਿਹੇ ਧਰਨੇ ਅੰਦੋਲਨਾਂ ਦੀ ਪਰਵਾਹ ਨਹੀਂ ਕਰਿਆ ਕਰਦੀਆਂ। ਪ੍ਰੰਤੂ ਜਦੋਂ ਕਹਾਣੀ ਵਿਸਫੋਟਕ ਹੋ ਜਾਂਦੀ ਹੈ ਤਾਂ ਵੱਡੀਆਂ ਵੱਡੀਆਂ ਕੁਰਸੀਆਂ ਹਿਲ ਜਾਂਦੀਆਂ ਹਨ। ਚੁਣੇ ਹੋਏ ਨੁਮਾਇੰਦਿਆਂ ਦਾ ਭਵਿੱਖ ਖਤਮ ਹੋ ਜਾਂਦਾ ਹੈ।

ਇਸ ਅੰਦੋਲਨ ਵਿੱਚ ਦੋ ਧਿਰਾਂ ਆਮਨੇ ਸਾਹਮਣੇ ਹਨ ਪ੍ਰੰਤੂ ਹੈਰਾਨੀ ਦੀ ਗੱਲ ਹੈ ਕਿ ਨਾ ਅੱਡਾ ਬਦਲਣ ਵਾਲਿਆਂ ਨੇ ਬੱਸਾਂ ਤੇ ਚੜ੍ਹਨਾ ਹੈ ਨਾ ਬਹੁਤੇ ਰੋਕਣ ਵਾਲਿਆਂ ਨੇ। ਬੱਸ ਚ ਚੜ੍ਹਨ ਵਾਲੇ ਜਾਂ ਬੱਸ ਅੱਡਾ ਬਦਲਣ ਤੇ ਮੁਸੀਬਤ ਝੱਲਣ ਵਾਲੇ ਲੋਕ ਉਹ ਗਰੀਬ ਮਜਦੂਰ ਕਿਸਾਨ ਵਿਦਿਆਰਥੀ ਜਾਂ ਦੁਕਾਨਦਾਰ ਹਨ। ਜੋ ਖੁੱਲ੍ਹ ਕੇ ਅੰਦੋਲਨ ਨਹੀਂ ਕਰ ਸਕਦੇ। ਕਿਉਂਕਿ ਇਹ ਤਾਜ਼ੀ ਕਮਾਕੇ ਖਾਣ ਵਾਲੇ ਹਨ। ਇਹਨਾਂ ਨੂੰ ਹਮੇਸ਼ਾ ਮਾਰ ਪੈਂਦੀ ਆਈ ਹੈ। ਇਹ ਗਰੀਬ ਸਨ ਤੇ ਗਰੀਬੀ ਵਿੱਚ ਵਿਚਰਦੇ ਰਹਿਣਗੇ। ਕੋਈਂ ਸਰਕਾਰ ਆ ਜਾਵੇ ਬੱਸ ਅੱਡਾ ਜਿੱਥੇ ਮਰਜੀ ਸਿਫਟ ਹੋ ਜਾਂਵੇ ਇਹਨਾਂ ਦਾ ਹੱਥ ਤੰਗ ਹੀ ਰਹੇਗਾ। ਜੇ ਸਰਕਾਰਾਂ ਇਹਨਾਂ ਦਾ ਭਲਾ ਨਹੀਂ ਕਰ ਸਕਦੀਆਂ ਤਾਂ ਇਹਨਾਂ ਤੋਂ ਰੋਟੀ ਖੋਹਣ ਬਾਰੇ ਵੀ ਨਹੀਂ ਸੋਚਣਾ ਚਾਹੀਦਾ।

ਇਹ ਠੀਕ ਹੈ ਕਿ ਵਰਤਮਾਨ ਬੱਸ ਅੱਡੇ ਨਾਲ ਟਰੈਫਿਕ ਦੀ ਸਮੱਸਿਆ ਹੁੰਦੀ ਹੈ। ਬਦਲਣ ਨਾਲ ਹੋਰ ਵੀ ਵਧੇਗੀ। ਪਰ ਇਹ ਅੱਡਾ ਸ਼ਹਿਰ ਦੇ ਕੇਂਦਰ ਵਿੱਚ ਹੋਣ ਕਰਕੇ ਆਮ ਲੋਕਾਂ ਦੀ ਪਾਹੁੰਚ ਵਿੱਚ ਹੈ। ਇਸ ਨਾਲ ਸਹਿਰੀਆਂ ਅਤੇ ਪਿੰਡਾਂ ਵਿਚੋਂ ਆਉਣ ਵਾਲੇ ਕਿਸਾਨਾਂ, ਮਜ਼ਦੂਰਾਂ ਵਿਦਿਆਰਥੀਆਂ ਨੂੰ, ਕਚਿਹਰੀਆਂ, ਮਿੰਨੀ ਸੈਕਟਰੀਏਟ, ਸਰਕਾਰੀ ਹਸਪਤਾਲ ਮੈਕਸ ਹਸਪਤਾਲ, ਪ੍ਰਾਈਵੇਟ ਹਸਪਤਾਲ, ਸਰਕਾਰੀ ਕਾਲਜ ਸਕੂਲ ਮੁੱਖ ਬਜ਼ਾਰ, ਰੇਲਵੇ ਸਟੇਸ਼ਨ ਅਤੇ ਹੋਰ ਕਿੰਨੇ ਅਦਾਰਿਆਂ ਵਿੱਚ ਜਾਣਾ ਕਿੰਨਾ ਸੌਖਾ ਹੈ। ਕੀ ਅਸੀਂ ਕਦੇ ਇਹਨਾਂ ਲੋਕਾਂ ਬਾਰੇ ਸੋਚਿਆ ਹੈ। ਬੱਸ ਅੱਡੇ ਨੂੰ ਇੱਥੇ ਹੀ ਨਵਾਂ ਬਣਾਕੇ ਸੜਕਾਂ ਚ ਸੁਧਾਰ ਕਰਕੇ ਟਰੈਫਿਕ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ। ਅੱਡਾ ਸਿਫਟ ਹੋਣ ਨਾਲ ਆਟੋ ਈ ਰਿਕਸ਼ਾ ਅਤੇ ਲੋਕਲ ਬੱਸਾਂ ਦੀ ਭਰਮਾਰ ਵਧੇਗੀ। ਬਾਹਰੋਂ ਆਈਆਂ ਸਵਾਰੀਆਂ ਨੂੰ ਭਾਰੀ ਸਮਾਨ ਦੂਜੀ ਬੱਸ ਵਹੀਕਲ ਵਿੱਚ ਸਿਫਟ ਕਰਨ ਵਿੱਚ ਮੁਸ਼ਕਿਲ ਆਵੇਗੀ। ਜੋ ਲੋਕ ਬੱਸ ਅੱਡਾ ਨਾ ਬਦਲਣ ਲਈ ਅੰਦੋਲਨ ਕਰ ਰਹੇ ਹਨ। ਉਹਨਾਂ ਵਿਚੋਂ ਕਿਸੇ ਦੇ ਵੀ ਆਪਣੀ ਨਿੱਜੀ ਹਿੱਤ ਨਹੀਂ। ਇਹਨਾਂ ਵਿੱਚ ਵੀ ਬਹੁਤੇ ਉਹ ਲੋਕ ਹਨ ਜਿੰਨ੍ਹਾਂ ਕੋਲ੍ਹ ਆਪਣੀਆਂ ਕਾਰਾਂ ਜਾਂ ਹੋਰ ਸਾਧਨ ਹਨ। ਪਰ ਓਹ ਗਰੀਬ ਮਜਦੂਰ ਬਾਹਰੋਂ ਆਉਣ ਵਾਲੇ ਕਿਸਾਨਾਂ ਵਿਦਿਆਰਥੀਆਂ ਬਾਰੇ ਸੋਚਕੇ ਸਰਕਾਰ ਨਾਲ ਟੱਕਰ ਲ਼ੈ ਰਹੇ ਹਨ। ਇਹ ਸਮੇਂ ਦੇ ਗਰਭ ਵਿੱਚ ਹੈ ਕਿ ਉਹ ਕਾਮਜਾਬ ਹੁੰਦੇ ਹਨ ਜਾਂ ਨਹੀਂ। ਪ੍ਰੰਤੂ ਉਹਨਾਂ ਦੇ ਹੌਸਲੇ ਬੁਲੰਦ ਹਨ। ਉਹ ਸਚਾਈ ਅਤੇ ਹੱਕ ਦੀ ਲੜਾਈ ਨਿਸਵਾਰਥ ਭਾਵ ਨਾਲ ਲੜ੍ਹ ਰਹੇ ਹਨ। ਇੱਥੇ ਇੱਕ ਵੱਡੀ ਗੱਲ ਹੋਰ ਵੀ ਹੈ ਕਿ ਬਠਿੰਡਾ ਨਗਰ ਪ੍ਰੀਸ਼ਦ ਇਹਨਾਂ ਦੇ ਨਾਲ ਹੈ ਜਿਸ ਅੰਡਰ ਇਹ ਸ਼ਹਿਰ ਅਤੇ ਉਸਦੇ ਵਿਕਾਸ ਦਾ ਜਿੰਮਾ ਆਉਂਦਾ ਹੈ।







ਦੂਜੇ ਪਾਸੇ ਬੱਸ ਅੱਡੇ ਨੂੰ ਬਾਹਰ ਲ਼ੈਜਾਣ ਵਾਲਿਆਂ ਵਿੱਚ ਪੂਰਾ ਪ੍ਰਸ਼ਾਸ਼ਨ, ਬਠਿੰਡਾ ਸ਼ਹਿਰੀ ਵਿਧਾਇਕ ਅਤੇ ਉਹ ਬਿਲਡਰ ਹਨ ਜਿੰਨਾਂ ਨੇ ਬਠਿੰਡਾ ਦੇ ਚਾਰੇ ਪਾਸੇ ਪ੍ਰਾਈਵੇਟ ਕਲੋਨੀਆਂ ਦਾ ਜਾਲ ਬੁਣ ਦਿੱਤਾ। ਬਠਿੰਡਾ ਪਲਾਟਾਂ ਦੇ ਭਾਅ ਚੰਡੀਗੜ੍ਹ ਨੋਇਡਾ ਦੇ ਮੁਕਾ-ਬਲੇ ਤੇ ਪਾਹੁੰਚ ਗਏ। ਕੀ ਪ੍ਰਾਈਵੇਟ ਕਲੋਨੀਆਂ ਉਸਾਰਨਾ ਹੀ ਵਿਕਾਸ ਹੈ। ਡੱਬਵਾਲੀ ਰੋਡ ਅਤੇ ਬਾਦਲ ਰੋਡ ਬਿਨਾਂ ਬੱਸ ਅੱਡੇ ਤੋਂ ਹੀ ਵਿਕਸਤ ਹੋ ਗਈ। ਹੁਣ ਮਲੋਟ ਰੋਡ ਤੇ ਬੱਸ ਅੱਡੇ ਦਾ ਬੋਰਡ ਲਗਾਕੇ ਇਹਨਾਂ ਨੇ ਕੌਡੀਆਂ ਦੇ ਭਾਅ ਖਰੀਦੀ ਜਮੀਨ ਨੂੰ ਸੋਨੇ ਦੇ ਭਾਅ ਵੇਚਣਾ ਹੈ। ਜੇ ਪ੍ਰਸ਼ਾਸ਼ਨ ਵਿਕਾਸ ਹੀ ਕਰਨਾ ਚਾਹੁੰਦਾ ਹੈ ਤਾਂ ਪੂਡਾ, ਬੀਂ ਡੀ ਏ, ਨਗਰ ਸੁਧਾਰ ਮੰਡਲ ਅਤੇ ਹੋਰ ਸਰਕਾਰੀ ਅਦਾਰੇ ਕਲੋਨੀਆਂ ਕੱਟਣ। ਇਹ ਕੰਮ ਪ੍ਰਾਈਵੇਟ ਬਿਲਡਰਾਂ ਨੂੰ ਕਿਉਂ ਸੌਂਪ ਰੱਖਿਆ ਹੈ।

ਮੈਂ ਖੁਦ ਸ਼ੀਸ਼ ਮਹਿਲ ਨਾਮਕ ਪ੍ਰਾਈਵੇਟ ਕਲੋਂਨੀ ਵਿੱਚ ਰਹਿੰਦਾ ਹਾਂ। ਮੈਨੂੰ ਬੱਸ ਅੱਡੇ ਦੇ ਬਦਲਣ ਜਾਂ ਨਾ ਬਦਲਣ ਨਾਲ ਕੋਈਂ ਫਰਕ ਨਹੀਂ ਪੈਂਦਾ। ਮੈਂ ਬੱਸ ਤੇ ਨਹੀਂ ਜਾਂਦਾ ਮੇਰੇ ਕੋਲ ਆਪਣੀ ਕਾਰ ਹੈ। ਫਿਰ ਵੀ ਗਰੀਬਾਂ ਮਜ਼ਦੂਰਾਂ ਅਤੇ ਨਾਲਦੇ ਪਿੰਡਾਂ ਵਾਲਿਆਂ ਦੇ ਹੱਕ ਵਿੱਚ ਬੋਲਣ ਨੂੰ ਦਿਲ ਕਰਦਾ ਹੈ। ਕਿਉਂਕਿ ਮੇਰੇ ਕੋਲ੍ਹ ਭਾਵੇਂ ਜਮੀਨ ਨਹੀਂ ਹੈ ਪਰ ਜ਼ਮੀਰ ਹੈਗੀ ਹੈ।



**ਰਮੇਸ਼ ਸੇਠੀ ਬਾਦਲ**
**9876627233**

# ਵੈਦ ਦੀ ਕਲਮ ਤੋਂ

ਮੈਨੂੰ ਨਹੀਂ ਪਤਾ, ਮੈਂ ਕਿਹੋ ਜਿਹਾ ਵੈਦ ਹਾਂ।

ਕਿਸੇ ਲਈ ਮਾੜਾ ਤੇ ਕਿਸੇ ਲਈ ਚੰਗਾ ਹੋਣਾ ਆਮ ਗੱਲ ਹੈ। ਪਰ ਮੈਂ ਇੱਕ ਗੱਲ ਵੱਲ ਆਪਣੇ ਮਿੱਤਰਾਂ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ।

ਫੇਸਬੁੱਕ ਤੇ ਜਿਵੇਂ ਵਾਇਆ ਯੂ ਟਿਊਬ, ਕਈ ਵੇਦਾਂ ਦੀਆਂ ਮ ਸ਼ ਹੂ ਰ ੀ ਅ ਾਂ ਆਉਂਦੀਆਂ। ਇਸੇ ਤਰਾਂ ਫੇਸਬੁੱਕ ਤੇ ਆਯੁਰਵੇਦ ਨਾਲ ਸਬੰਧਿਤ ਕਈ ਗਰੁੱਪ ਵੀ ਚਲਦੇ ਹਨ। ਜਿਹਨਾ ਵਿਚ ਕਈ ਲੋਕ ਆਪਣੀ ਸਮੱਸਿਆ ਦੱਸ ਕੇ ਇਲਾਜ ਪੁੱਛਦੇ ਹਨ। ਮੇਰੀ ਸੋਚ ਮੁਤਾਬਿਕ ਇਹ ਬੇਵਕੂਫੀ ਹੈ। ਇੱਕ ਤਾਂ ਇਲਾਜ ਦੱਸਣ ਵਾਲੇ ਪੰਜਾਹ ਆ ਜਾਂਦੇ ਹਨ। ਹਰ ਇੱਕ ਦਾ ਆਪਣਾ ਤਜਰਬਾ ਹੁੰਦਾ ਹੈ। ਦੂਜਾ, ਨਾ ਕੋਈ ਉਮਰ ਪੁੱਛਦਾ, ਨਾ ਕੋਈ ਰੋਗ ਨਵਾਂ ਪੁਰਾਣਾ ਪੁੱਛਦਾ, ਨਾ ਕੋਈ ਤਾਸੀਰ ਪੁੱਛਦਾ ਵਗੈਰਾ ਵਗੈਰਾ ਹੋਰ ਬਹੁਤ ਗੱਲਾਂ ਨੇ ਜਿਹੜੀਆਂ ਪੁੱਛਣਾ ਚਾਹੀਦੀਆਂ। ਪਰ ਨਾ ਹੀ ਮਰੀਜ਼ ਧਿਆਨ ਦਿੰਦੇ, ਮੇਰੇ ਵਰਗੇ ਝੋਲਾ ਛਾਪ ਵੈਦ ਨੂੰ ਤਾਂ ਲੋੜ ਹੀ ਕੀ ਹੈ ?

ਤੀਸਰੀ ਹੈ, ਇਹਦੇ ਪਿੱਛੇ ਚਲਦੀ ਬਹੁਤ ਵੱਡੀ ਡਰਾਮੇਬਾਜ਼ੀ।

ਤੁਹਾਡੇ ਵੱਲੋਂ ਰੋਗ ਪੁੱਛਣ ਦੀ ਦੇਰ ਹੈ ਕਿ ਸਿਫਾਰਿਸ਼ਾਂ ਆਉਣ ਲਗਦੀਆਂ, ਆਹ ਵੈਦ ਜੀ ਚੰਗੇ ਹਨ। ਆਹ ਡਾਕਟਰ ਬਹੁਤ ਵਧੀਆ ਵਗੈਰਾ ਵਗੈਰਾ।

ਉਏ ਭੋਲੇ ਪੰਛੀ ਲੋਕੋ, ਇਹ ਸਿਫਾਰਿਸ਼ ਕਰਨ ਵਾਲੇ ਜਿਆਦਾਤਰ ਵੈਦ ਡਾਕਟਰ ਦੇ ਆਪਣੇ ਮਿੱਤਰ ਰਿਸ਼ਤੇਦਾਰ ਦੋਸਤ ਜਾ ਪੇਡ ਕਰਮਚਾਰੀ ਹੁੰਦੇ ਹਨ। ਕਿਉਂਕਿ ਇਸ ਤਰਾਂ ਫਸਿਆ ਇੱਕ ਅੱਧ ਮਰੀਜ਼ ਹੀ ਕਈ ਵਾਰ ਤਾਂ ਡਾਕਟਰ ਲਈ ਵਰਦਾਨ ਹੀ ਸਾਬਿਤ ਹੋ ਜਾਂਦਾ ਹੈ।

ਆਖਰੀ ਗੱਲ, ਮੈਨੂੰ ਵੀ ਬਹੁਤ ਲੋਕ ਮੈਸਜ ਕਰਕੇ ਫੇਸਬੁੱਕ ਤੇ ਜਾ ਵ੍ਹਟਸਐਪ ਦੁਆਰਾ ਪੁੱਛਦੇ ਕਿ ਆਹ ਤਕਲੀਫ਼ ਹੈ ਜੀ ਦਵਾਈ ਲਿਖ ਦਿਓ।

ਮੇਰਾ ਜਵਾਬ ਹੁੰਦਾ, ਕਿ ਪਹਿਲਾਂ ਗੱਲ ਕਰੋ। ਜਦ ਮੈਂ ਲਿਖਵਾਉਣ ਲਈ ਤਿਆਰ ਬੈਠਾ ਹਾ, ਤੁਹਾਨੂੰ ਖੁੱਲ੍ਹਾ ਸਮਾ ਦੇਣ ਲਈ ਤਿਆਰ ਬੈਠਾ ਹਾਂ। ਤਾਂ ਕੀ ਤੁਸੀਂ ਆਪਣੇ ਲਯੂਈ ਵੀ ਸਮਾ ਨਹੀਂ ਕੱਢ ਸਕਦੇ ? ਪਰ ਫਿਰ ਵੀ ਲੋਕ ਰੁਕਦੇ ਨਹੀਂ, ਕਹਿਣਗੇ ਜੀ, ਜਿਹੜੇ ਸਮੇਂ ਤੁਸੀਂ ਫਰੀ ਹੁੰਦੇ ਓਦੋਂ ਸਾਡੇ ਕੋਲ ਟਾਇਮ ਨਹੀਂ ਹੁੰਦਾ। ਇਸੇ ਘੌਲ ਵਿਚ ਜਦ ਇੱਕ ਬੰਦਾ ਹਸਪਤਾਲ ਤੱਕ ਦਾਖਿਲ ਹੋਇਆ, ਤਾਂ ਮੈਂ ਉਸਨੂੰ ਪੁੱਛਿਆ, ਹੁਣ ਵਧੀਆ ਵਿਹਲ ਮਿਲ ਗਈ ? ਫਿਰ ਉਹ ਸ਼ਰਮਿੰਦਾ ਹੋ ਰਿਹਾ ਸੀ।

ਭਲਿਓ ਮਾਣਸੋ, ਫੇਸਬੁੱਕ ਤੇ ਮੇਰੀਆਂ ਨਜਰਾਂ ਵਿਚ ਹਾਲੇ ਤੱਕ ਮੈਂ ਇਕੱਲਾ ਵੈਦ ਹਾਂ। ਜਿਹੜਾ ਨੱਬੇ ਪਰਸੈਂਟ ਤੱਕ ਦਵਾਈ ਲਿਖਵਾਉਂਦਾ ਤੇ ਤੁਹਾਨੂੰ ਖੁਦ ਬਣਾਉਣ ਲਈ ਕਹਿੰਦਾ ਹੈ। ਸਿਰਫ ਦਸ ਪੰਜ ਪਰਸੈਂਟ ਕੇਸਾਂ ਵਿਚ ਮੈਂ ਮਿਲਣ ਦੀ ਗੱਲ ਕਰਦਾ ਹਾਂ। ਜਦਕਿ ਅੱਜ ਤੁਹਾਨੂੰ ਕੋਈ ਮੁਫ਼ਤ ਵਿਚ ਛੋਟੀ ਜਿਹੀ ਖਾਂਸੀ ਦੀ, ਤੇਜ਼ਾਬ ਬਣਨ ਦੀ ਜਾ ਬਦਹਜ਼ਮੀ ਤੱਕ ਦੀ ਦਵਾਈ ਦੱਸ ਕੇ ਰਾਜ਼ੀ ਨਹੀਂ।

ਅੰਤ ਵਿੱਚ ਇਹੀ ਕਹਾਂਗਾ, ਕਿ ਸਮਾਂ ਤੁਸੀਂ ਮੇਰੇ ਲਈ ਨਹੀਂ ਬਲਕਿ ਆਪਣੇ ਲਈ ਕੱਢਣਾ ਹੈ। ਇਸ ਲਈ ਬੇਨਤੀ ਹੈ ਕਿ ਦਿਮਾਗ ਵਾਲੇ ਬਣੀਏ ਵੀਰ ਜੀ ਦਿਮਾਗ ਵਾਲੇ ਬਣੀਏ।

ਬਿਨਾ ਦਿਮਾਗ ਤੋਂ ਸੁੱਕੇ ਪੱਟਾਂ ਤੇ ਥਾਪੀਆਂ ਮਾਰਨ ਲਈ ਤਾਂ ਸ਼ੇਰ ਬਾਹਰ ਆ ਗਿਆ ਹੈ। ਕਲਾ ਵਰਤਾਉਣ ਵਾਲੇ, ਪੰਪ ਦੇ ਕੇ ਉਹਨੂੰ ਕੀੜੀਆਂ ਤੇ ਭੌਣ ਤੇ ਚੜਾਉਣ ਵਾਲੇ ਵੀ ਸਰਗਰਮ ਹੋ ਚੁੱਕੇ ਨੇ ਤੇ ਕਹਿ ਰਹੇ ਨੇ ਕਿ ਗੁਰੂ ਨੇ ਆਪ ਅੱਗੇ ਹੋ ਕੇ ਭਾਰਤ ਦਾ ਪ੍ਰਧਾਨ ਮੰਤਰੀ ਇੱਕ ਬਾਜੇ ਕੇ ਨੂੰ ਚੁਣਿਆ ਹੈ।ਇਹ ਓਨਾ ਚਿਰ ਸਰਗਰਮ ਰਹਿਣਗੇ ਜਦ ਤੱਕ ਉਸ ਗਰੀਬ ਦਾ ਬਾਜਾ ਨਹੀਂ ਵੱਜ ਜੰਦਾ। ਫਿਰ ਲਿਸਟ ਲੰਬੀ ਕਰਨ ਲਈ ਕੋਈ ਨਵਾਂ ਸ਼ਹੀਦ ਭਾਲਣ ਤੁਰ ਪੈਣਗੇ। ਬਾਅਦ ਵਿਚ ਉਸਦਾ ਪਰਿਵਾਰ ਜਾਵੇ ਢੱਠੇ ਖੂਹ ਵਿੱਚ, ਇਹਨਾ ਨੂੰ ਕੋਈ ਫਰਕ ਨਹੀਂ ਪੈਂਦਾ। ਜਿਹਨਾ ਦੀ ਆਦਤ ਹੀ ਸਿਵਿਆਂ ਤੇ ਰੋਟੀਆਂ ਸੇਕ ਕੇ ਖਾਣ ਦੀ ਪੱਕ ਚੁੱਕੀ ਹੋਵੇ।



**ਵੈਦ ਬਲਵਿੰਦਰ ਸਿੰਘ ਢਿੱਲੋ ਵਿੰਨੀਪੈਗ ਵਾਲੇ**
**+14312932265**

# ਸ਼ਬਦਾਂ ਦੀ ਪਰਵਾਜ਼: ਸ਼ੁੱਧ ਪੰਜਾਬੀ ਕਿਵੇਂ ਲਿਖੀਏ?

ਕੋਈ ਸਮਾਂ ਸੀ ਜਦੋਂ ਦੋ ਅਤੇ ਚਾਰ ਦੀ ਗਿਣਤੀ ਨਾਲ਼ ਸੰਬੰਧਿਤ ਸ਼ਬਦਾਂ: ਦੋਂਹ/ਦੋਂਹਾਂ/ਚਹੁੰ/ਚਹੁੰਆਂ ਆਦਿ ਸ਼ਬਦ ਅਕਸਰ ਇਹਨਾਂ ਹੀ ਸ਼ਬਦ-ਜੋੜਾਂ ਨਾਲ਼ ਵਿਦਿਆਰਥੀਆਂ ਦੀਆਂ ਪਾਠ-ਪੁਸਤਕਾਂ, ਅਖ਼ਬਾਰਾਂ ਅਤੇ ਰਿਸਾਲਿਆਂ ਆਦਿ ਵਿੱਚ ਲਗ-ਪਗ ਹੂ-ਬਹੂ ਇਸੇ ਤਰ੍ਹਾਂ ਹੀ ਲਿਖੇ ਹੋਏ ਮਿਲ਼ਦੇ ਸਨ ਪਰ ਅਜੋਕੇ ਸਮੇਂ ਵਿੱਚ ਤਾਂ ਕਦੇ-ਕਦਾਈਂ ਵੀ ਇਹਨਾਂ ਸ਼ਬਦਾਂ ਦੇ ਸ਼ੁੱਧ ਸ਼ਬਦ-ਰੂਪ ਦੇਖਣ ਵਿੱਚ ਆਉਂਦੇ ਹਨ। ਇਹਨਾਂ ਸ਼ਬਦ਼ਾਂ ਵਿਚਲਾ 'ਦੋਂਹਾਂ' ਸ਼ਬਦ ਭਾਵੇਂ ਪੁਰਾਤਨ ਪਰੰਪਰਾ ਅਨੁਸਾਰ ਪਹਿਲੀ ਬਿੰਦੀ ਤੋਂ ਬਿਨਾਂ (ਦੋਹਾਂ) ਹੀ ਲਿਖਿਆ ਜਾਂਦਾ ਸੀ ਪਰ ਵਰਤਿਆ ਜ਼ਰੂਰ ਇਸ ਦਾ ਇਹੋ ਰੂਪ ਹੀ ਜਾਂਦਾ ਸੀ। 'ਦੋਂਹਾਂ' ਸ਼ਬਦ ਦੇ 'ਦ' ਅੱਖਰ ਉੱਤੇ ਬਿੰਦੀ ਦਾ ਚਲਣ "ਪੰਜਾਬੀ ਸ਼ਬਦ-ਰੂਪ ਅਤੇ ਸ਼ਬਦ-ਜੋੜ ਕੋਸ਼" ਦੇ ਆਉਣ ਤੋਂ ਬਾਅਦ ਅਰਥਾਤ ਨਵੇਂ ਸ਼ਬਦ-ਜੋੜਾਂ ਦੇ ਨਿਯਮ ਲਾਗੂ ਹੋਣ ਉਪਰੰਤ ਹੀ ਸ਼ੁਰੂ ਹੋਇਆ ਹੈ।

ਪੰਜਾਬੀ-ਪ੍ਰੇਮੀਆਂ ਅਤੇ ਇਸ ਦੇ ਸ਼ੁੱਭਚਿੰਤਕਾਂ ਦਾ ਇਸ ਗੱਲ ਵੱਲ ਧਿਆਨ ਦੇਣਾ ਬਣਦਾ ਹੈ ਕਿ ਅਜਿਹੇ ਵਰਤਾਰੇ ਦਾ ਅਸਲ ਕਾਰਨ ਕੀ ਹੋ ਸਕਦਾ ਹੈ? ਮੇਰੀ ਜਾਚੇ ਇਸ ਦਾ ਇੱਕ ਕਾਰਨ ਤਾਂ ਸ਼ਾਇਦ ਇਹ ਹੋ ਸਕਦਾ ਹੈ ਕਿ ਸ਼ਬਦ-ਜੋੜਾਂ ਪੱਖੋਂ ਅਸੀਂ ਪਹਿਲੇ ਸਮਿਆਂ ਨਾਲ਼ੋਂ ਵਧੇਰੇ ਅਵੇਸਲੇ ਹੋ ਗਏ ਹਾਂ। ਦੂਜੀ ਗੱਲ ਇਹ ਵੀ ਹੋ ਸਕਦੀ ਹੈ ਕਿ ਸ਼ਬਦ-ਜੋੜ਼ਾਂ ਦੀਆਂ ਬਰੀਕੀਆਂ ਵਿੱਚ ਪੈਣ ਤੋਂ ਬਚਣ ਲਈ ਵੀ ਸ਼ਾਇਦ ਕੁਝ ਲੋਕ ਅਜਿਹਾ ਕਰਦੇ ਹੋਣ। ਇਸ ਦੇ ਨਾਲ਼-ਨਾਲ਼ ਇਹ ਗੱਲ ਵੀ ਦੇਖਣ ਵਿਚ ਆਈ ਹੈ ਕਿ ਅਜਿਹੇ ਹੋਰ ਵੀ ਬਹੁਤ ਸਾਰੇ ਸ਼ਬਦ ਅੱਜ ਬੀਤੇ ਸਮੇਂ ਦੀ ਹੀ ਗੱਲ ਬਣ ਕੇ ਰਹਿ ਗਏ ਹਨ ਭਾਵ ਜਿਨ੍ਹਾਂ ਦੀ ਵਰਤੋਂ ਅੱਜ ਲਗ-ਪਗ ਅਲੋਪ ਹੀ ਹੋ ਚੁੱਕੀ ਹੈ। ਕਿਤੇ ਅਜਿਹਾ ਨਾ ਹੋਵੇ ਕਿ ਹੁਣ ਦੋ ਅਤੇ ਚਾਰ ਸ਼ਬਦਾਂ ਤੋਂ ਬਣੇ ਵਿਚਾਰ-ਅਧੀਨ ਉਪਰੋਕਤ ਸ਼ਬਦ ਵੀ ਵਰਤੋਂ ਤੋਂ ਵਾਂਝਿਆਂ ਰਹਿਣ ਕਾਰਨ ਕਿਤੇ ਬੀਤੇ ਸਮੇਂ ਦੀ ਬੁੱਕਲ ਵਿੱਚ ਹੀ ਨਾ ਸਮਾ ਜਾਣ।

'ਦੋ' ਦੇ ਅੰਕ ਨਾਲ਼ ਸੰਬੰਧਿਤ ਕੁਝ ਸ਼ਬਦ:

''''''''''''''''''''''''''''''''''''''''''''''''''''''''''''

''''''''''''''''''''''''''''''''''''''''''''''''

ਦੋ ਦੇ ਅੰਕ ਨਾਲ਼ ਸੰਬੰਧਿਤ ਸਭ ਤੋਂ ਪਹਿਲਾ ਸ਼ਬਦ ਜੋ ਦੋ ਤੋਂ ਬਣਦਾ ਹੈ, ਉਹ ਹੈ: ਦੋਂਹ, ਜਿਵੇਂ:

੧. ਇਹ ਚੀਜ਼ ਮੈਂ ਦੋਂਹ ਰੁਪਈਆਂ ਵਿੱਚ ਖ਼ਰੀਦੀ ਹੈ।

੨. ਇਹ ਕੰਮ ਅਸੀਂ ਦੋਂਹ ਜਣਿਆਂ ਨੇ ਰਲ਼ ਕੇ ਕੀਤਾ ਹੈ।

੩. ਇਹ ਕੰਮ ਅਸੀਂ ਦੋਂਹਾਂ ਨੇ ਰਲ਼ ਕੇ ਕੀਤਾ ਹੈ।

ਅਸਲ ਸੰਕਟ ਇਹ ਹੈ ਕਿ ਪਹਿਲੇ ਵਾਕ ਵਿੱਚ ਅਸੀਂ ਉਪਰੋਕਤ ਸ਼ਬਦ 'ਦੋਂਹ' ਦੀ ਥਾਂ ਮੂਲ ਸ਼ਬਦ 'ਦੋ' ਲਿਖ ਕੇ ਸਾਰ ਲੈਂਦੇ ਹਾਂ ਅਰਥਾਤ ਅਸੀਂ 'ਦੋਂਹ' ਸ਼ਬਦ ਜਾਂ ਉਸ ਦੇ ਸ਼ਬਦ-ਜੋੜਾਂ ਦੇ ਚੱਕਰ ਵਿੱਚ ਹੀ ਨਹੀਂ ਪੈਂਦੇ ਤੇ ਉਪਰੋਕਤ ਵਾਕ ਦੀ ਥਾਂ ਕੇਵਲ ਇਹ ਲਿਖ ਕੇ ਹੀ ਬੁੱਤਾ ਸਾਰ ਲੈਂਦੇ ਹਾਂ ਕਿ ਇਹ ਚੀਜ਼ ਮੈਂ ਦੋ ਰੁਪਈਆਂ ਦੀ ਖ਼ਰੀਦੀ ਹੈ।

ਤੀਜੇ ਵਾਕ ਵਿੱਚ ਅਸੀਂ 'ਦੋਂਹ' ਦੀ ਥਾਂ ਅਕਸਰ 'ਦੋਵਾਂ' ਜਾਂ 'ਦੋਨਾਂ' ਸ਼ਬਦ ਹੀ ਵਰਤ ਲੈਂਦੇ ਹਾਂ, ਜਿਵੇਂ:

੧. ਇਹ ਕੰਮ ਅਸੀਂ 'ਦੋਨਾਂ' ਨੇ ਰਲ ਕੇ ਕੀਤਾ ਹੈ।

੨. ਇਹ ਕੰਮ ਅਸੀਂ 'ਦੋਵਾਂ' ਨੇ ਰਲ਼ ਕੇ ਕੀਤਾ ਹੈ।

ਅਜਿਹਾ ਕਰਨਾ ਵੀ ਪੂਰੀ ਤਰ੍ਹਾਂ ਗ਼ਲਤ ਹੈ। ਇਸ ਦਾ ਕਾਰਨ ਇਹ ਹੈ ਕਿ ਇਹਨਾਂ ਦੋਂਹਾਂ ਸ਼ਬਦਾਂ (ਦੋਨਾਂ/ਦੋਵਾਂ) ਦੀ ਪੰਜਾਬੀ ਦੀ ਲਿਖਤੀ ਜਾਂ ਟਕਸਾਲੀ ਭਾਸ਼ਾ ਵਿੱਚ ਕੋਈ ਹੋਂਦ ਹੀ ਨਹੀਂ ਹੈ। 'ਦੋਨਾਂ' ਸ਼ਬਦ ਹਿੰਦੀ ਦੇ 'ਦੋਨੋਂ' ਸ਼ਬਦ ਦਾ ਵਿਗੜਿਆ ਹੋਇਆ ਰੂਪ ਹੈ।

ਸੋ, ਜੇਕਰ ਅਸੀਂ ਅਜਿਹੀਆਂ ਗ਼ਲਤੀਆਂ ਤੋਂ ਬਚਣਾ ਚਾਹੁੰਦੇ ਹਾਂ ਤਾਂ ਇਹਨਾਂ ਦੋਹਾਂ ਸ਼ਬਦਾਂ (ਦੋਵਾਂ/ਦੋਨਾਂ) ਦੀ ਥਾਂ ਸਾਨੂੰ 'ਦੋਂਹ' ਜਾਂ 'ਦੋਂਹਾਂ' ਸ਼ਬਦ ਹੀ ਵਰਤਣੇ ਚਾਹੀਦੇ ਹਨ। ਇਹਨਾਂ ਤੋਂ ਬਿਨਾਂ 'ਦੋਨੋਂ' ਸ਼ਬਦ-ਰੂਪ ਦੀ ਵਰਤੋਂ ਕਰਨਾ ਵੀ ਗ਼ਲਤ ਹੈ ਕਿਉਂਕਿ ਇਹ ਸ਼ਬਦ ਤਾਂ ਸਿੱਧਾ ਹੀ ਹਿੰਦੀ ਭਾਸ਼ਾ ਨਾਲ਼ ਸੰਬੰਧ ਰੱਖਦਾ ਹੈ। ਪੰਜਾਬੀ ਵਿੱਚ ਇਸ ਸ਼ਬਦ ਲਈ 'ਦੋਵੇਂ' ਸ਼ਬਦ ਉਪਲਬਧ ਹੈ। ਇਸ ਸੰਬੰਧ ਵਿੱਚ ਸਾਨੂੰ ਇਹ ਗੱਲ ਹਮੇਸ਼ਾਂ ਯਾਦ ਰੱਖਣੀ ਚਾਹੀਦੀ ਹੈ ਕਿ 'ਦੋ' ਤੋਂ 'ਦੋਂਹ' ਸ਼ਬਦ ਬਣਿਆ ਹੈ ਅਤੇ ਅੱਗੋਂ 'ਦੋਂਹ' ਤੋਂ 'ਦੋਂਹਾਂ' ਤੇ 'ਦੋ' ਤੋਂ 'ਦੋਵੇਂ' ਆਦਿ। ਇਸ ਲਈ ਸਾਨੂੰ ਦੋਨਾਂ, ਦੋਨੋਂ ਜਾਂ ਦੋਵਾਂ ਆਦਿ ਸ਼ਬਦਾਂ ਦੀ ਥਾਂ 'ਦੋਵੇਂ' ਸ਼ਬਦ ਦਾ ਹੀ ਇਸਤੇਮਾਲ ਕਰਨਾ ਚਾਹੀਦਾ ਹੈ, ਜਿਵੇਂ:

੧. ਉਹ ਦੋਵੇਂ ਜਣੇ ਆਪਸ ਵਿੱਚ ਸਕੇ ਭਰਾ ਹਨ।

੨. ਅਸੀਂ ਦੋਵੇਂ ਰਲ ਕੇ ਇਹ ਕੰਮ ਕਰ ਸਕਦੇ ਹਾਂ।

ਜਿਵੇਂਕਿ ਉੱਪਰ ਦੱਸਿਆ ਗਿਆ ਹੈ ਕਿ ਦੋ ਤੋਂ ਬਣੇ 'ਦੋਂਹਾਂ' ਸ਼ਬਦ ਨੂੰ ਲਿਖਣ ਸਮੇਂ ਇਸ ਵਿਚਲੇ ਦੋਂਹਾਂ ਅੱਖਰਾਂ ਦੀਆਂ ਲਗਾਂ ਨਾਲ਼ ਹੀ ਬਿੰਦੀਆਂ ਲੱਗਣੀਆਂ ਹਨ ਪਰ ਅਸੀਂ ਪੁਰਾਣੇ ਨਿਯਮਾਂ ਅਨੁਸਾਰ 'ਦ' ਅੱਖਰ ਉੱਤੇ ਬਿੰਦੀ ਨਹੀਂ ਪਾਉਂਦੇ ਜੋਕਿ ਵਿਆਕਰਨਿਕ ਤੌਰ 'ਤੇ ਪੂਰੀ ਤਰ੍ਹਾਂ ਗ਼ਲਤ ਹੈ। ਸਾਨੂੰ ਇਸ ਸੰਬੰਧ ਵਿੱਚ ਇਹ ਗੱਲ ਕਦੇ ਵੀ ਨਹੀਂ ਭੁੱਲਣੀ ਚਾਹੀਦੀ ਕਿ 'ਦੋਂਹਾਂ' ਸ਼ਬਦ ਸਿੱਧਾ 'ਦੋ' ਤੋਂ ਨਹੀਂ ਬਣਿਆ ਹੋਇਆ ਸਗੋਂ ਇਹ ਸ਼ਬਦ ਦੋ ਤੋਂ ਬਣੇ 'ਦੋਂਹ' ਸ਼ਬਦ ਤੋਂ ਬਣਿਆ ਹੈ ਜਿਸ ਕਾਰਨ ਇਸ ਦੇ ਲਿਖਤੀ ਰੂਪ ਵਿੱਚ ਬਿੰਦੀ ਹਰ ਹਾਲ ਵਿੱਚ ਕਾਇਮ ਰਹਿਣੀ ਹੈ। ਸ਼ਾਇਦ ਬਹੁਤੇ ਲੋਕ ਇਸ ਵਿਆਕਰਨਿਕ ਨਿਯਮ ਤੋਂ ਜਾਣੂ ਨਹੀਂ ਹਨ ਜਾਂ ਇਸ ਸੰਬੰਧ ਵਿੱਚ ਕਿਸੇ ਭੰਬਲ਼ਭੂਸੇ ਦਾ ਸ਼ਿਕਾਰ ਹਨ ਜਿਸ ਕਾਰਨ ਅੱਜ ਇਸ ਸ਼ਬਦ ਦਾ ਸ਼ੁੱਧ ਸ਼ਬਦ-ਰੂਪ 'ਦੋਂਹਾਂ' ਲਗ-ਪਗ ਖ਼ਤਮ ਹੀ ਹੁੰਦਾ ਜਾ ਰਿਹਾ ਹੈ।

'ਚਾਰ' ਦੇ ਅੰਕ ਨਾਲ਼ ਸੰਬੰਧਿਤ ਸ਼ਬਦ:

''''''''''''''''''''''''''''''''''''''''''''''''''''''''''''

''''''''''''''''''''''''''''''''''''''''''''''''

ਇਸੇ ਤਰ੍ਹਾਂ ਚਾਰ ਦੀ ਗਿਣਤੀ ਨਾਲ਼ ਸੰਬੰਧਿਤ ਸ਼ਬਦ ਹਨ: .ਚਹੁੰ ਜਾਂ ਚਹੁੰਆਂ ਆਦਿ, ਜਿਵੇਂ

੧. ਇਹ ਪੱਥਰ ਅਸੀਂ ਚਹੁੰ .ਜਣਿਆਂ ਨੇ ਰਲ਼ ਕੇ ਪਾਸੇ ਕੀਤਾ ਹੈ।

੨.ਇਹ ਕੰਮ ਅਸੀਂ ਚਹੁੰਆਂ ਨੇ ਰਲ਼ ਕੇ ਕੀਤਾ ਹੈ।

੩. ਮੀਂਹ ਪੈਣ ਨਾਲ ਚਾਰੇ ਪਾਸੇ ਜਲ-ਥਲ ਹੋ ਗਿਆ।

ਚਾਰ ਸ਼ਬਦ ਦੀ ਉਪਰੋਕਤ ਸ਼ਬਦ-ਰੂਪਾਂ ਅਨੁਸਾਰ ਵਰਤੋਂ ਕਰਨ ਦੀ ਥਾਂ ਅਸੀਂ ਆਮ ਤੌਰ 'ਤੇ ਪਹਿਲੇ ਦੋਂਹਾਂ ਵਾਕਾਂ ਵਿਚਲੇ ਚਹੁੰ ਜਾਂ ਚਹੁੰਆਂ ਸ਼ਬਦਾਂ ਦੀ ਥਾਂ ਅਕਸਰ 'ਚਾਰਾਂ' ਸ਼ਬਦ ਦੀ ਵਰਤੋਂ ਕਰ ਲੈਂਦੇ ਹਾਂ ਜੋਕਿ ਸਰਾਸਰ ਗ਼ਲਤ ਹੈ, ਜਿਵੇਂ:

ਇਹ ਪੱਥਰ ਅਸੀਂ ਚਾਰਾਂ ਜਣਿਆਂ ਨੇ ਰਲ਼ ਕੇ ਪਾਸੇ ਕੀਤਾ ਹੈ। ਜਾਂ

ਇਹ ਕੰਮ ਅਸੀਂ ਚਾਰਾਂ ਨੇ ਰਲ਼ ਕੇ ਕੀਤਾ ਹੈ।

ਸੋ, ਇਸ ਸਮੇਂ ਲੋੜ ਹੈ ਕਿ ਭਾਸ਼ਾ ਦੀ ਸ਼ੁੱਧਤਾ ਨੂੰ ਕਾਇਮ ਰੱਖਣ ਲਈ ਸਾਨੂੰ ਇਹੋ-ਜਿਹੇ ਛੋਟੇ-ਛੋਟੇ ਵਿਆਕਰਨਿਕ ਨਿਯਮਾਂ ਨੂੰ ਅੱਖੋਂ-ਪਰੋਖੇ ਨਹੀਂ ਕਰਨਾ ਚਾਹੀਦਾ ਬਲਕਿ ਇਹਨਾਂ ਨੂੰ ਸਮਝਣ ਅਤੇ ਇਹਨਾਂ ਉੱਤੇ ਸਖ਼ਤੀ ਨਾਲ਼ ਅਮਲ ਕਰਨ ਦੀ ਕੋਸ਼ਸ਼ ਕਰਨੀ ਚਾਹੀਦੀ ਹੈ ਤਾਂਕਿ ਭਾਸ਼ਾ ਦੇ ਲਿਖਤੀ ਰੂਪ ਵਿੱਚ ਕਿਸੇ ਵੀ ਕਿਸਮ ਦਾ ਕੋਈ ਵਿਗਾੜ ਨਾ ਪਵੇ ਅਤੇ ਅਸੀਂ ਆਉਣ ਵਾਲੀਆਂ ਨਸਲਾਂ ਨੂੰ ਵੀ ਇਹਨਾਂ ਸ਼ਬਦਾਂ ਦੇ ਸ਼ੁੱਧ ਸ਼ਬਦ-ਰੂਪਾਂ ਤੋਂ ਜਾਣੂ ਕਰਵਾ ਸਕੀਏ।



**ਜਸਵੀਰ ਸਿੰਘ ਪਾਬਲਾ, ਲੰਗੜੋਆ, ਨਵਾਂਸ਼ਹਿਰ।**
**ਸੰ.ਨੰ. 9888403052.**

# ਕਿਤਾਬ- ਕਿਹੜਾ ਵਕਤ ਰੁਕ ਜਾਣਾ

ਸ਼ਾਇਰ- ਅਮਿਤ ਕਾਦੀਆਂ
ਪੰਨੇ-101, ਮੁੱਲ - 220
ਪਬਲੀਕੇਸ਼ਨ -ਮਾਝਾ ਪਬਲੀਕੇਸ਼ਨ ਨਿੱਕੇ ਘੁੰਮਣ (ਗੁਰਦਾਸਪੁਰ)


ਅਮਿਤ ਕੁਮਾਰ ਕਾਦੀਆਂ ਦੀ ਪਲੇਠੀ ਪੁਸਤਕ ' ਕਿਹੜਾ ਵਕਤ ਰੁਕ ਜਾਣਾ' ਪੜ੍ਹਨ ਦਾ ਮੌਕਾ ਮਿਲਿਆ, ਕਿਤਾਬ ਦੇ ਟਾਈਟਲ ਨੇ ਹੀ ਬੜਾ ਕੁਝ ਸਮਝਾ ਦਿੱਤਾ ਤੇ ਸੋਚਣ ਲਈ ਮਜਬੂਰ ਕੀਤਾ।

ਅਖਾਣ ਹੈ ਕਿ ਸਮਾਂ ਕਿਸੇ ਦਾ ਮਿੱਤ ਨਹੀਂ ਪਰ ਜੇ ਗੰਭੀਰਤਾ ਨਾ਼ਲ ਘੋਖਿਆ ਜਾਏ ਤਾਂ ਇਸ ਪਦਾਰਥਵਾਦੀ ਦੌਰ ਵਿੱਚ ਜੇ ਕੋਈ ਸੱਚਾ ਦੋਸਤ, ਮਿੱਤਰ ਤੇ ਯਾਰ ਹੈ ਤਾਂ ਉਹ ਸਮਾਂ ਹੀ ਹੈ। ਅਜੋਕੇ ਪਦਾਰਥਵਾਦੀ ਯੁੱਗ ਵਿੱਚ ਸੱਚਾ ਦੋਸਤ ਢੂੰਢਣਾ ਬਹੁਤ ਮੁਸ਼ਕਿਲ ਹੈ। ਸਭ ਦਾ ਮੋਹ ਪਿਆਰ ਪਦਾਰਥ ਦੇ ਨਾ਼ਲ ਹੈ।ਰਿਸ਼ਤੇਦਾਰ, ਨਾਤੀ, ਮਿੱਤਰ ਪਿਆਰੇ ਉਦੋਂ ਤੱਕ ਹੀ ਤੁਹਾਡੇ ਨਾ਼ਲ ਹਨ ਜਦੋਂ ਤੱਕ ਉਹਨਾਂ ਦੀ ਗਰਜ਼ ਪੂਰੀ ਹੁੰਦੀ ਹੈ । ਜਦੋਂ ਲੋੜ ਪੂਰੀ ਹੋ ਗਈ ਜਾਂ ਕਿਸੇ ਮਜਬੂਰੀ ਵੱਸ ਨਾਂਹ ਹੋ ਗਈ ਤਾਂ ਫਿਰ ਤੂੰ ਕੌਣ ਤੇ ਮੈਂ ਕੌਣ, ਕੋਈ ਰਿਸ਼ਤਾ ਨਹੀਂ, ਕੋਈ ਸਾਂਝ ਨਹੀਂ।

ਰਹੀ ਵਾਸਤੇ ਘੱਤ
'ਸਮੇਂ' ਨੇ ਇੱਕ ਨਾ ਮੰਨੀ
ਫੜ-ਫੜ ਰਹੀ ਧਰੀਕ
'ਸਮੇਂ' ਖਿਸਕਾਈ ਕੰਨੀ।

ਅਮਿਤ ਦੀਆਂ ਲਿਖਤਾਂ ਤੋਂ ਸਹਿਜੇ ਹੀ ਅੰਦਾਜ਼ਾ ਲੱਗਦਾ ਹੈ ਕਿ ਜੋ ਉਸਨੇ ਹੰਢਾਇਆ ਉਹੀ ਲਿਖਿਆ ਹੈ ।ਉਹ ਸਦਕੇ ਜਾਂਦਾ ਹੈ,, ਕੁਦਰਤ ਦੀ ਹਰ ਸ਼ੈਅ ਦਾ ਧੰਨਵਾਦ ਕਰਦਾ ਹੈ।

ਉਹ ਮਾਂ ਦਾ ਬਹੁਤ ਸਤਿਕਾਰ ਕਰਦਾ ਹੈ ਤੇ ਹੋਣੀ ਨੇ ਸਮੇਂ ਤੋਂ ਪਹਿਲਾਂ ਹੀ ਉਸ ਨੂੰ ਉਸ ਛਾਂ ਤੋਂ ਅੱਡ ਕਰ ਦਿੱਤਾ ਸੀ ਪਰ ਆਪਣੇ ਪਰਿਵਾਰ ਤੇ ਮਿੱਤਰਾਂ ਦਾ ਸ਼ੁਕਰੀਆ ਅਦਾ ਕਰਦਾ ਹੈ,,ਪਰ ਅਜੋਕੇ ਭ੍ਰਿਸ਼ਟ ਤੰਤਰ ਤੋਂ ਲੇਖਕ ਬਹੁਤ ਨਿਰਾਸ਼ ਹੈ ਤੇ ਕਰਾਰੀ ਚੋਟ ਕਰਦਾ ਹੈ




'ਅਮਿਤ' ਜਦ ਦੀ ਹੋਸ਼ ਸੰਭਾਲੀ
ਤੱਕੀ ਨਾ ਕਿਧਰੇ ਖੁਸ਼ਹਾਲੀ,
ਆਈ ਕਈਆਂ ਹੱਥ ਦੇਸ਼ ਦੀ ਡੋਰ,
ਇਹ ਵੀ ਚੋਰ ਉਹ ਵੀ ਚੋਰ!

ਇਸ 'ਵਕਤ ਦਾ ਕੀ ਪਤਾ, ਪਰਛਾਵਾਂ ਕਦੋਂ ਢ਼ਲ ਜਾਵੇ। ਵਕਤ ਬਦਲਦਿਆਂ ਦੇਰ ਨਹੀਂ ਲੱਗਦੀ। ਵਕਤ ਰੁਕਦਾ ਨਹੀਂ, ਇਹ ਸਦਾ ਤੁਰਦਾ ਰਹਿੰਦਾ ਹੈ। ਇਨਸਾਨ ਦੀ ਜਮੀਰ ਮਰ ਚੁੱਕੀ ਹੈ ਇੱਥੇ ਸਭ ਕੁਝ ਹੀ ਵਿਕਾਊ ਹੋਇਆ ਪਿਆ ਹੈ।

ਲੇਖਕ ਆਪਣੀ ਤਸਬੀਹ ਪੱਥਰ ਨਾਲ ਕਰਦਾ ਹੈ ਤੇ ਪੱਥਰ ਬਣੇ ਰੱਬ ਨੂੰ ਵੀ ਮਾਤ ਲੋਕ ਵਿੱਚ ਆਉਣ ਦੀ ਅਰਜ਼ ਕਰਦਾ ਹੈ ਅਤੇ ਅੱਜ ਕੱਲ ਦੇ ਹਾਲਾਤਾਂ ਤੋਂ ਜਾਣੂ ਕਰਵਾਉਣ ਦੀ ਅਰਜ਼ ਕਰਦਾ ਹੈ ਕਿ ਤੇਰੇ ਹੁੰਦਿਆਂ ਕਿਸ ਤਰ੍ਹਾਂ ਲੋਕੀ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਹਨ ।ਪਾਕ ਮੁਹੱਬਤ ਦੇ ਮਾਇਨੇ ਵੀ ਮੋਬ-ਾਇਲ ਦੇ ਡਾਟੇ ਵਾਂਗ ਡਿਲੀਟ ਹੋ ਗਏ ਜਾਪਦੇ ਹਨ। ਜਦੋਂ ਪੁਰਾਣੇ ਯਾਰ ਤੇ ਸੱਚੇ ਰਿਸ਼ਤੇਦਾਰ ਨਾ ਮਿਲਣ ਤਾਂ ਲੇਖਕ ਦੇ ਅੰਦਰੋਂ ਆਹ ਨਿਕਲਦੀ ਹੈ। ਉਸ ਦੀਆਂ ਲਿਖਤਾਂ ਵਿੱਚ ਸਾਦਗੀ ਤੇ ਸੱਚਾਈ ਹੈ ਤੇ ਬਹੁਤ ਹੀ ਸਰਲ ਭਾਸ਼ਾ ਵਿੱਚ ਲਿਖੀਆਂ ਗਈਆਂ ਹਨ। ਪੰਜਾਬੀ ਵਿੱਚ ਵੀ ਕਈ ਨਵੇਂ ਸ਼ਬਦ ਵਰਤੇ ਹਨ, ਉਹ ਵਧਾਈ ਦਾ ਪਾਤਰ ਹੈ ਉਸਦੀ ਵਿਆਕਰਨ ਵੀ ਚੰਗੀ ਹੈ। ਉਸਦੀਆਂ ਲਿਖਤਾਂ ਬਹੁਤ ਭਾਵੁਕ ਹਨ ਤੇ ਉੱਚ ਦਰਜੇ ਦੀ ਸਿੱਖਿਆ ਵੀ ਦਿੰਦੀਆਂ ਹਨ। ਉਸ ਦੀਆਂ ਰਚਨਾਵਾਂ ਸਮਾਜਿਕ, ਆਰਥਿਕ ਤੌਰ ਤੇ ਪੀੜਿਤ ਬਸ਼ਿੰਦਿਆਂ ਦੀ ਵਿਥਿਆ ਦਾ ਰੂਪ ਵੀ ਪ੍ਰਗਟ ਕਰਦੀਆਂ ਹਨ।

ਮੈਂ ਦਿਲੋਂ ਦੁਆ ਕਰਦੀ ਹਾਂ ਕਿ ਉਹ ਵਕਤ ਦਾ ਹਾਣੀ ਬਣੇ ਤੇ ਆਪਣੇ ਸਫਰ ਤੇ ਕਾਮਯਾਬ ਹੋਵੇ ।ਉਸ ਦੇ ਇਸ ਅਕੀਦੇ ਨੂੰ ਪ੍ਰਫੁੱਲਤ ਕਰਨ ਲਈ ਢੇਰ ਸਾਰੀਆਂ ਦੁਆਵਾਂ। ਉਸ ਦੀਆਂ ਐਸੀਆਂ ਹੀ ਹੋਰ ਪੁਸਤਕਾਂ ਦੇ ਆਗਮਨ ਦੀ ਉਡੀਕ ਵਿੱਚ ...।

**ਕੁਲਜੀਤ ਕੌਰ 'ਜੀਤ'**
**(ਪਟਿਆਲਾ)**
**9872983914**







# ਪ੍ਰਿੰਸ ਜੋਰਜ ਚ ਨਗਰ ਕੀਰਤਨ 17 ਮਈ ਨੂੰ -ਸੰਗਤਾਂ ਚ ਭਾਰੀ ਉਤਸ਼ਾਹ

**ਵੈਨਕੂਵਰ (ਮਲਕੀਤ ਸਿੰਘ)–** ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਖੂਬਸੂਰਤ ਪਹਾੜਾਂ ਦੀ ਗੋਦ ਚ ਵੱਸਦੇ ਸ਼ਹਿਰ ਪ੍ਰਿੰਸ ਜੋਰਜ ਚ ਸਥਿਤ ਗੁਰਦੁਆਰਾ ਗੁਰੂ ਨਾਨਕ ਦਰਬਾਰ ਚ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਇੱਕ ਮਹਾਨ ਨਗਰ ਕੀਰਤਨ 17 ਮਈ ਨੂੰ ਧੂਮ ਧਾਮ ਨਾਲ ਮਨਾਏ ਜਾਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਉਕਤ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਬੁਲਾਰੇ ਭਾਈ ਜਸਵੰਤ ਸਿੰਘ ਨੇ ਇਸ ਸਬੰਧੀ ਹੋਰ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਸੰਬੰਧ ਚ 17 ਮਈ ਨੂੰ ਅਰਦਾਸ ਕਰਨ ਉਪਰੰਤ ਸਵੇਰੇ 10 ਵਜੇ ਗੁ. ਨਾਨਕ ਦਰਬਾਰ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਛਤਰ ਛਾਇਆ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਚ ਇਹ ਨਗਰ ਕੀਰਤਨ ਆਰੰਭ ਹੋਵੇਗਾ। ਜੋ ਸੀਐਨ ਟਾਵਰ ਅਤੇ ਹੋਰਨਾ ਪ੍ਰਮੁੱਖ ਤੈਅਸ਼ੁਦਾ ਰੂਟਾਂ ਰਾਹੀਂ ਹੁੰਦਾ ਹੋਇਆ ਸ਼ਾਮ ਨੂੰ ਵਾਪਸ ਗੁ ਨਾਨਕ ਦਰਬਾਰ ਚ ਸੰਪੰਨ ਹੋਵੇਗਾ ਉਹਨਾਂ ਇਹ ਵੀ ਦੱਸਿਆ ਕਿ ਇਸ ਨਗਰ ਕੀਰਤਨ ਚ ਸ਼ਾਮਿਲ ਹੁਣ ਲਈ ਪ੍ਰਿੰਸ ਜੋਰਜ ਤੋਂ ਇਲਾਵਾ ਵੈਨਕੂਵਰ ,ਸਰੀ, ਐਫਸਫੋਰਡ ਚਿਲਾਵੈਕ , ਅਤੇ ਕੈਲਗਰੀ ਆਦਿ ਸ਼ਹਿਰਾਂ ਤੋਂ ਵੀ ਸੰਗਤਾਂ ਦੇ ਸ਼ਾਮਿਲ ਹੋਣ ਦੀ ਸੰਭਾਵਨਾ ਹੈ।

# ਮਾਰਕ ਕਰਨੀ ਦੀ ਅਗਵਾਈ ਚ ਨਵੀਂ ਸਰਕਾਰ ਦਾ ਗਠਨ 12 ਮਈ ਨੂੰ ਹੋਵੇਗਾ

**●ਰਾਜਧਾਨੀ ਔਟਵਾ ਚ ਤਿਆਰੀਆਂ ਸ਼ੁਰੂ ●ਟਰੰਪ ਸਮੇਤ ਕਈ ਉੱਘੀਆਂ ਹਸਤੀਆਂ ਦੇ ਪੁੱਜਣ ਦੀ ਸੰਭਾਵਨਾ**

**ਵੈਨਕੂਵਰ (ਮਲਕੀਤ ਸਿੰਘ)–** ਹਾਲ ਹੀ ਚ ਮੁਕੰਮਲ ਹੋਈਆਂ ਕੈਨੇਡਾ ਦੀਆਂ ਫੈਡਰਲ ਚੋਣਾਂ ਚ ਜੇਤੂ ਰਹੀ ਲਿਬਰਲ ਪਾਰਟੀ ਮੁੜ ਸੱਤਾ 'ਚ ਆਉਣ ਜਾ ਰਹੀ ਹੈ। ਇਸ ਸੰਬੰਧ ਵਿੱਚ ਕੈਨੇਡਾ ਦੀ ਰਾਜਧਾਨੀ ਔਟਵਾ ਚ 12 ਮਈ ਨੂੰ ਲਿਬਰਲ ਆਗੂ ਮਾਰਕ ਕਾਰਨੀ ਦੀ ਅਗਵਾਈ ਚ ਨਵੀਂ ਸਰਕਾਰ ਦਾ ਗਠਨ ਹੋਣ ਸਬੰਧੀ ਰਸਮੀ ਤਿਆਰੀਆਂ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ। ਪ੍ਰਾਪਤ ਵੇਰਵਿਆ ਮੁਤਾਬਕ ਇਸ ਮੌਕੇ ਤੇ ਅਮਰੀਕੀ ਰਾਸ਼ਟਰਪਤੀ ਡੋਨਾਲੰਪ ਟਰੰਪ ,ਕਿੰਗ ਚਾਰਲਸ ਸਮੇਤ ਹੋਰਨਾ ਉੱਘੀਆਂ ਹਸਤੀਆਂ ਦੇ ਸ਼ਾਮਿਲ ਹੋਣ ਦਾ ਕਿਆਸ ਕੀਤਾ ਜਾ ਰਿਹਾ ਹੈ਼

ਇੱਥੇ ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਮੁਕੰਮਲ ਹੋਈਆਂ ਕੈਨੇਡਾ ਦੀਆਂ ਫੈਡਰਲ ਚੋਣਾਂ ਚ ਲਿਬਰਲ ਪਾਰਟੀ ਵੱਲੋਂ 169 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ ਗਈ ਸੀ ਨਵੀਂ ਬਣਨ ਵਾਲੀ ਕੈਨੇਡੀਅਨ ਸਰਕਾਰ ਦੇ ਮੰਤਰੀ ਮੰਡਲ ਚ ਕੁਝ ਪੰਜਾਬੀ ਚਿਹਰਿਆਂ ਨੂੰ ਸ਼ਾਮਿਲ ਕੀਤੇ ਜਾਣ ਦੀ 'ਚੁੰਝ ਚਰਚਾ' ਵੀ ਚੱਲ ਰਹੀ ਹੈ।

# ਪੰਜਾਬੀ ਨੌਜਵਾਨ ਦੇ ਲਾਪਤਾ ਹੋਣ ਦੇ ਮਾਮਲੇ ਚ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ

**ਵੈਨਕੂਵਰ (ਮਲਕੀਤ ਸਿੰਘ)–** ਪਿਛਲੇ ਦਿਨੀ ਸਰੀ ਤੋਂ ਇੱਕ ਪੰਜਾਬੀ ਨੌਜਵਾਨ ਦੇ ਲਾਪਤਾ ਹੋਣ ਦੀ ਘਟਨਾ ਦੀ ਸੂਚਨਾ ਪੁਲਿਸ ਵੱਲੋਂ ਜਨਤਕ ਕਰਦਿਆਂ ਉਕਤ ਨੌਜਵਾਨ ਦੀ ਭਾਲ ਲਈ ਆਮ ਲੋਕਾਂ ਤੋਂ ਸਹਿਯੋਗ ਦੀ ਮੰਗ ਕੀਤੀ ਗਈ ਸੀ ਹੁਣ ਇਸ ਘਟਨਾ ਚ ਨਵਾਂ ਮੋੜ ਆਉਂਦਿਆਂ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਪ੍ਰਾਪਤ ਵੇਰਵਿਆਂ ਮੁਤਾਬਿਕ ਉਕਤ ਨੌਜਵਾਨ ਟਰੱਕ ਡਰਾਈਵਰ ਸੀ ਅਤੇ ਪਿਛਲੇ ਦਿਨੀ ਸਰੀ ਆਉਣ ਮਗਰੋਂ ਆਪਣੇ ਕਿਸੇ ਜਾਣਕਾਰ ਕੋਲ ਠਹਿਰਿਆ ਸੀ। ਇਸੇ ਦੌਰਾਨ ਇੱਕ ਲੜਕੀ ਵੱਲੋਂ ਉਸਨੂੰ ਫੋਨ ਕਰਕੇ ਆਪਣੇ ਕੋਲ ਬੁਲਾਇਆ ਗਿਆ ਸੀ ਜਿਸ ਮਗਰੋਂ ਉਕਤ ਨੌਜਵਾਨ ਲਾਪਤਾ ਹੋ ਗਿਆ ਪੁਲਿਸ ਵੱਲੋਂ ਇਸ ਸਬੰਧੀ ਇੱਕ ਲੜਕੀ ਤੋਂ ਪੁੱਛਗਿਛ ਕੀਤੀ ਜਾ ਰਹੀ ਹੈ ਅਤੇ ਫਿਲਹਾਲ ਇਸ ਸਬੰਧੀ ਹੋਰ ਵੇਰਵੇ ਜਨਤਕ ਨਹੀਂ ਕੀਤੇ ਗਏ।

# ਬੁੱਧ ਵਿਹਾਰ ਟਰੱਸਟ ਸੋਫੀ ਪਿੰਡ ਵੱਲੋਂ ਮਜ਼ਦੂਰ ਦਿਵਸ ਸ਼ਰਧਾ ਨਾਲ ਮਨਾਇਆ ਗਿਆ

**ਭਾਰਤ 'ਚ ਪਹਿਲੀ ਵਾਰ 01 ਮਈ 1923 ਨੂੰ ਮਜ਼ਦੂਰ ਦਿਵਸ ਮਨਾਇਆ -ਐਡਵੋਕੇਟ ਸਾਂਪਲਾ**



**ਜਲੰਧਰ (ਪਰਮਜੀਤ ਜੱਸਲ)**-ਬੁੱਧ ਵਿਹਾਰ ਟਰੱਸਟ ਸੋਫੀ ਪਿੰਡ ਵੱਲੋਂ ਮਜ਼ਦੂਰ ਦਿਵਸ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਬੁੱਧੀਜੀਵੀਆਂ ਵੱਲੋਂ ਬਾਬਾ ਸਾਹਿਬ ਜੀ ਦੀ ਤਸਵੀਰ 'ਤੇ ਫੁੱਲ ਅਰਪਿਤ ਕੀਤੇ ਗਏ। ਇਸ ਸ਼ੁੱਭ ਅਵਸਰ 'ਤੇ ਬੁੱਧ ਵਿਹਾਰ ਟਰੱਸਟ ਸੋਫੀ ਪਿੰਡ ਜਲੰਧਰ ਦੇ ਜਨਰਲ ਸਕੱਤਰ ਐਡਵੋਕੇਟ ਹਰਭਜਨ ਸਾਂਪਲਾ ਨੇ ਕਿਹਾ ਕਿ ਦੁਨੀਆਂ ਵਿੱਚ ਮਜ਼ਦੂਰ ਦਿਵਸ 1 ਮਈ 1886 ਤੇ ਭਾਰਤ ਵਿੱਚ 01 ਮਈ 1923 ਨੂੰ ਸ਼ੁਰੂ ਹੋਇਆ ਸੀ। ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਨੇ ਸੰਵਿਧਾਨ ਰਾਹੀਂ ਮਜ਼ਦੂਰਾਂ ਨੂੰ ਹੱਕ ਲੈ ਕੇ ਦੁਆਏ। ਜਿਨਾਂ ਵਿੱਚ ਮਜ਼ਦੂਰਾਂ ਦੀ ਡਿਊਟੀ 12 ਘੰਟੇ ਤੋਂ ਘਟਾ ਕੇ ਅੱਠ ਘੰਟੇ ਕੀਤੀ। ਸਰਕਾਰੀ ਛੁੱਟੀ ਵਾਲੇ ਦਿਨ ਮਜ਼ਦੂਰਾਂ ਨੂੰ ਤਨਖਾਹ ਮਿਲੇਗੀ। ਗਰਭਵਤੀ ਔਰਤਾਂ ਨੂੰ ਛੇ ਮਹੀਨੇ ਛੁੱਟੀਆਂ ਤੇ ਤਨਖਾਹ ਮਿਲੇਗੀ। ਹਫਤੇ ਬਾਅਦ ਛੁੱਟੀ ਹੋਵੇਗੀ। ਬਾਬਾ ਸਾਹਿਬ ਜੀ ਨੇ ਮਜ਼ਦੂਰਾਂ, ਕਾਮਿਆਂ , ਮਜ਼ਲੂਮਾਂ ਲਈ ਸਮਾਨਤਾ ਲਈ ਸੰਘਰਸ਼ ਕੀਤਾ ਅਤੇ ਉਨਾਂ ਨੂੰ ਹੱਕ ਲੈ ਕੇ ਦਿੱਤੇ। ਖਾਨਾ ਵਿੱਚ ਕੰਮ ਕਰਦੇ ਮਜ਼ਦੂਰਾਂ ਲਈ ਬੀਮਾ ਯੋਜਨਾ ਲੈ ਕੇ ਦਿੱਤੀ। ਬਾਬਾ ਸਾਹਿਬ ਮਜ਼ਦੂਰਾਂ ਦੇ ਮਸੀਹਾ ਬਣੇ, ਨਾਰੀ ਜਾਤੀ ਦੇ ਮੁਕਤੀਦਾਤਾ ਕਹਾਏ।

ਇਹਨਾਂ ਤੋਂ ਇਲਾਵਾ ਹੋਰ ਬਹੁਤ ਸਾਰੇ ਬੁਲਾਰਿਆਂ ਨੇ ਸੰਬੋਧਨ ਕੀਤਾ। ਜਿਨਾਂ ਵਿੱਚ ਚਮਨ ਸਾਂਪਲਾ, ਡਾ. ਚੌਹਾਨ, ਡਾ. ਅਵਿਨਾਸ਼ ਕੁਮਾਰ, ਡਾਕਟਰ ਜਸਵੰਤ ਰਾਏ,ਸੋਢੀ ਲਾਲ ਬੋਧੀ, ਗੌਤਮ ਸਾਂਪਲਾ, ਰਾਮ ਲਾਲ, ਲਾਲ ਚੰਦ, ਲੈਂਬਰ ਰਾਮ ਆਦਿ। ਇਸ ਮੌਕੇ 'ਤੇ ਨਗਰ ਨਿਵਾਸੀ ਖਾਸ ਕਰ ਔਰਤਾਂ ਵੀ ਸ਼ਾਮਿਲ ਸਨ।

# ਮਾਹਰਾਜ ਨੇ ਇਸ ਨੂੰ ਠੀਕ ਕਰ 'ਤਾ

ਆਪਣੀ ਪਤਨੀ ਦੀ ' ਮਾਨ ਡਾਇਗਨੋਸਟਿਕ ਐਂਡ ਰਿਸਰਚ ਸੈਂਟਰ ਜਲੰਧਰ ' ਤੋਂ ਬਰੇਨ ਦੀ ਐੱਮ. ਆਰ. ਆਈ. ਕਰਵਾ ਕੇ ਜਦੋਂ ਅਸੀਂ ਬਹਿਰਾਮ ਦੇ ਲਾਗੇ ਪੁੱਜੇ, ਤਾਂ ਮੇਰੀ ਪਤਨੀ ਆਖਣ ਲੱਗੀ," ਜਾਂਦੇ, ਜਾਂਦੇ ਭੈਣ ਨੂੰ ਮਿਲ ਜਾਂਦੇ ਆਂ। ਫੇਰ ਕਿੱਥੇ ਆਂਦੇ ਫਿਰਨਾਂ। ਹੁਣ ਓਸੇ ਪਟਰੋਲ ਨਾਲ ਸਰ ਜਾਣਾਂ। ਨਾਲੇ ਰਾਜੀ, ਖੁਸ਼ੀ ਦਾ ਪਤਾ ਲੱਗ ਜਊ।"

" ਜਿਵੇਂ ਤੇਰੀ ਮਰਜ਼ੀ।" ਮੈਂ ਆਖਿਆ। ਬਹਿਰਾਮ ਪਹੁੰਚ ਕੇ ਮੈਂ ਕਾਰ ਆਪਣੀ ਪਤਨੀ ਦੀ ਭੈਣ ਦੇ ਘਰ ਵੱਲ ਨੂੰ ਮੋੜ ਲਈ। ਉਸ ਦੇ ਘਰ ਪਹੁੰਚ ਕੇ ਪਤਾ ਲੱਗਾ ਕਿ ਉਸ ਦੇ ਪਿੱਤੇ ਵਿੱਚ ਪੱਥਰੀਆਂ ਸਨ। ਤਿੰਨ ਦਿਨ ਪਹਿਲਾਂ ਡਾਕਟਰਾਂ ਨੇ ਅਪਰੇਸ਼ਨ ਨਾਲ ਉਸ ਦਾ ਪਿੱਤਾ ਕੱਢ ਦਿੱਤਾ ਸੀ। ਹੁਣ ਉਹ ਬੈੱਡ ਤੇ ਪਈ ਆਰਾਮ ਕਰ ਰਹੀ ਸੀ। ਅਸੀਂ ਦੋਵੇਂ ਉਸ ਕੋਲ ਕੁਰਸੀਆਂ ਤੇ ਬੈਠ ਗਏ। ਮੇਰੇ ਸਾਂਢੂ ਨੇ ਸਾਨੂੰ ਪੂਰੀ ਜਾਣਕਾਰੀ ਦਿੰਦਿਆਂ ਦੱਸਿਆ," ਸੇਮੋ ਦੇ ਪੇਟ 'ਚ ਤਿੰਨ ਦਿਨ ਪਹਿਲਾਂ ਬਹੁਤ ਤੇਜ਼ ਦਰਦ ਹੋਇਆ ਸੀ। ਦਰਦ ਤਾਂ ਪਹਿਲਾਂ ਵੀ ਹੁੰਦਾ ਰਹਿੰਦਾ ਸੀ, ਪਰ ਐਤਕੀਂ ਦਾ ਦਰਦ ਬਹੁਤ ਤੇਜ਼ ਸੀ। ਰੁਕਣ ਦਾ ਨਾਂ ਹੀ ਨਹੀਂ ਸੀ ਲੈਂਦਾ। ਇਸ ਲਈ ਇਸ ਨੂੰ ਫਗਵਾੜਾ ਦੇ ਇਕ ਪ੍ਰਾਈਵੇਟ ਹਸਪਤਾਲ 'ਚ ਦਾਖਲ ਕਰਵਾਣਾ ਪਿਆ। ਪੇਟ ਦੀ ਸਕੈਨ ਕਰਨ ਤੇ ਪਤਾ ਲੱਗਾ ਕਿ ਇਸ ਦੇ ਪਿੱਤੇ 'ਚ ਪੱਥਰੀਆਂ ਆਂ। ਡਾਕਟਰਾਂ ਨੇ ਫੁਰਤੀ ਵਰਤ ਕੇ ਇਸ ਦਾ ਪਿੱਤਾ ਕੱਢ 'ਤਾ। ਮਾਹਰਾਜ ਨੇ ਇਸ ਨੂੰ ਠੀਕ ਕਰ 'ਤਾ। ਉਸ ਨੇ ਸਾਡੀ ਨੇੜੇ ਹੋ ਕੇ ਸੁਣ ਲਈ। ਹੋਰ ਸਾਨੂੰ ਕੀ ਚਾਹੀਦਾ। ਪੈਸੇ ਲੱਗਿਓ ਭੁੱਲ ਜਾਣਗੇ।" ਆਪਣੇ ਸਾਂਢੂ ਦੀਆਂ ਗੱਲਾਂ ਸੁਣ ਕੇ ਮੈਂ ਡਾਕਟਰਾਂ ਵੱਲੋਂ ਕੀਤੇ ਇਲਾਜ ਵਿੱਚ ਦੂਰ ਬੈਠੇ 'ਉਸ ਮਾਹਰਾਜ' ਵੱਲੋਂ ਪਾਏ ਯੋਗਦਾਨ ਬਾਰੇ ਸੋਚਣ ਲੱਗ ਪਿਆ, ਜੋ ਆਪਣਾ ਇਲਾਜ ਅਮਰੀਕਾ ਜਾ ਕੇ ਕਰਵਾਉਂਦਾ ਹੈ।



**ਮਹਿੰਦਰ ਸਿੰਘ ਮਾਨ**
**ਸਾਮ੍ਹਣੇ ਅੰਗਦ ਸਿੰਘ ਐੱਮ ਐੱਲ ਏ ਹਾਊਸ**
**ਕੇਨਾਲ ਰੋਡ**
**ਨਵਾਂ ਸ਼ਹਿਰ-144514**
**ਫੋਨ -9915803554**

for more news visit:
www.samajweekly.com

# ਸਾਹਿਤ ਸਮਾਜ

## ਦੋ ਡੰਗ ਦੀ ਰੋਟੀ

ਆਮ ਆਦਮੀ ਅਕਸਰ ਹੀ ਇੱਕ ਸਬਜ਼ੀ ਨਾਲ ਰੋਟੀ ਖਾਂਦਾ ਹੈ। ਸਬਜ਼ੀ ਤੋਂ ਮਤਲਬ ਦਾਲ, ਸਬਜ਼ੀ, ਰਾਇਤਾ, ਸਾਗ, ਭੁਰਜੀ, ਭਰਥਾ ਹੋ ਸਕਦਾ ਹੈ। ਵਿਆਹ ਵਰਗੇ ਸਮਾਗਮਾਂ ਵਿੱਚ ਸਬਜ਼ੀਆਂ ਦੀ ਗਿਣਤੀ ਵੱਧ ਜਾਂਦੀ ਹੈ। ਸੁੱਕੀਆਂ, ਰਸੇਵਾਲੀਆਂ, ਕੱਚੀਆਂ ਤੇ ਹੋਰ ਬਹੁਤ ਕੁਝ।
1 ਮਤਲਬ ਰੋਟੀ ਦਾਲ ਸਬਜ਼ੀ ਨਾਲ ਖਾਧੀ ਜਾਂਦੀ ਹੈ।
2 ਕੁਝ ਲੋਕ ਚਟਣੀ ਨਾਲ ਰੋਟੀ ਖਾਂਦੇ ਹਨ।
3 ਕਈ ਆਚਾਰ ਦੀ ਫਾੜੀ ਨਾਲ ਰੋਟੀ ਲੰਘਾਉਂਦੇ ਹਨ।
4 ਕਈ ਦਾਲ ਵਿੱਚ ਰੋਟੀ ਚੂਰ ਕੇ ਖਾਂਦੇ ਹਨ।
5 ਕਈ ਰੋਟੀ ਸਮੇਂ ਰਾਇਤਾ ਬਣਾਕੇ ਬੁੱਤਾ ਸਾਰਦੇ ਹਨ।
5 ਕਈ ਦਹੀਂ ਚ ਨਮਕ ਜਾਂ ਖੰਡ ਪਾਕੇ ਰੋਟੀ ਖਾਂਦੇ ਹਨ।
6 ਕਈ ਰੋਟੀ ਦੀ ਚੂਰੀ ਕੁੱਟ ਲੈਂਦੇ ਹਨ।
7 ਮਲਾਈ ਨਾਲ ਰੋਟੀ ਖਾਣ ਵਾਲੇ ਬਹੁਤ ਘੱਟ ਲੋਕ ਰਹਿ ਗਏ।
8 ਗਰਮ ਦੁੱਧ ਨਾਲ ਵੀ ਖਾਂਦੇ ਹਨ ਰੋਟੀ।
9 ਗਰੀਬ ਆਦਮੀ ਲੱਸੀ ਨਾਲ ਵੀ ਰੋਟੀ ਖਾ ਲੈਂਦਾ ਹੈ।
10 ਉਂ ਰੋਟੀ ਤਾਂ ਲੋਕ ਗੰਢੇ ਨਾਲ ਵੀ ਖਾ ਲੈਂਦੇ ਹਨ।
11 ਮਜਦੂਰ ਲੋਕ ਜਾਂ ਮੇਰੇ ਵਰਗੇ ਮਚਲੇ ਗੁੜ ਨਾਲ ਰੋਟੀ ਖਾ ਲੈਂਦੇ ਹਨ ਮਜਬੂਰੀ ਚ ਜਾਂ ਖੁਸ਼ ਹੋਕੇ 12 ਬੇਹੀ ਰੋਟੀ ਤੇ ਨੂਨ ਭੁੱਕ ਕੇ ਰੋਟੀ ਖਾਣ ਦਾ ਮਜ਼ਾ ਨਿਰਾਲਾ ਹੁੰਦਾ ਸੀ।
ਗੱਲ ਤਾਂ ਦੋ ਡੰਗ ਦੀ ਰੋਟੀ ਦੀ ਹੈ। ਸੁਆਦ ਸੁਆਦ ਆਪਣਾ ਆਪਣਾ ਹੁੰਦਾ ਹੈ। ਜਿਵੇਂ ਮਰਜੀ ਖਾ ਲਵੋ।



ਰਮੇਸ਼ ਸੇਠੀ

## ਆਵਾਗਉਣ ਦਾ ਚੱਕਰ...

ਮਨੁੱਖਾ ਜੀਵਨ ਦੀ, ਮੁੱਖ-ਕੜੀ ਇਸਤਰੀ ਤੇ ਪੁਰਸ਼ ਦੋਵੇਂ ਹੁੰਦੇ। ਸੰਸਾਰ ਵਿੱਚ ਆ ਕੇ ਮੋਹ-ਮਾਇਆ ਦੇ ਚੱਕਰ ਵਿੱਚ ਪਏ ਰਹਿੰਦੇ। ਨਾਮ ਜਪ ਕੇ ਗੁਰਾਂ ਦਾ, ਚੌਰਾਸੀ ਲੱਖ ਜੂਨੀ ਕੱਟੀ ਜਾਂਦੀ। ਅੰਡਜ,ਜੇਰਜ,ਉਤਭੁਜ ਤੇ ਸੇਤਜ, ਚਾਰ ਮੁਖ ਗਰੁੱਪਾਂ 'ਚ ਵੰਡੀ ਜਾਂਦੀ। ਸਭ ਤੋਂ ਉੱਤਮ ਜੂਨੀ ਮਨੁੱਖ ਦੀ ਰੂਪ-ਰੰਗ,ਅਕਲ-ਸ਼ਕਲ ਵਾਲਾ ਬਣਾਇਆ। ਆਵਾਗਉਣ ਦੇ ਚੱਕਰ ਵਿੱਚੋਂ, ਨਿਕਲਣ ਦਾ ਵੱਲ ਸਿਖਾਇਆ।

ਹੋਰ ਬਹੁਤ ਜੂਨੀਆਂ,ਕੀੜੇ-ਮਕੌੜੇ,ਕੀਟ-ਪਤੰਗੇ ਹਾਥੀ,ਸ਼ੇਰ,ਹਿਰਨ,ਸੰਢੇ; ਵੇਲ੍ਹ-ਮੱਛੀਆਂ ਮਗਰਮੱਛ ਪਾਣੀ ਵਿੱਚ ਘੁੰਮਦੇ। ਜਨੌਰ,ਕਾਂ,ਚਿੜੀਆਂ,ਗੁਟਾਰਾਂ,ਕਬੂਤਰ,ਇੱਲਾਂ, ਬਾਜ ; ਬਨਸਪਤੀ ਰੁੱਖਾਂ ਵਿੱਚ ਰਹਿੰਦੇ ਗੁੰਮਦੇ। ਚਿਰਾਂ ਬਾਅਦ,ਮਨੁੱਖਾ ਜਨਮ ਨੇ,ਧਰਤੀ ਦਾ ਇਤਿਹਾਸ ਬਦਲਿਆ। ਗੁਰੂਆਂ ਹੱਕ ਸੱਚ ਦੀ ਬਾਣੀ ਦੇ ਲੜ ਲਾਇਆ। ਆਵਾਗਉਣ ਦੇ ਚੱਕਰ ਵਿੱਚੋਂ ਨਿਕਲਣ ਦਾ ਰਾਹ ਦਿਖਾਇਆ।

ਪੱਥਰ-ਯੁੱਗ ਤੋਂ ਲੋਹ-ਯੁਗ ਫਿਰ ਮਸ਼ੀਨਰੀ ਯੁੱਗ ਆਇਆ।
ਕੰਪਿਊਟਰ ਯੁਗ ਤੋਂ ਬਾਅਦ, ਰੋਬੋਟਿਕ ਸਿਸਟਮ ਨੇ, ਮਨੁੱਖੀ ਸਹਾਇਤਾ ਲਈ, ਨਕਲੀ ਮਨੁੱਖ ਬਣਾਇਆ। ਸਾਰੀਆਂ ਸੁੱਖ-ਸਹੂਲਤਾਂ ਪਾਉਂਦੀਆਂ, ਆਵਾਗਉਣ ਦੇ ਚੱਕਰ ਵਿੱਚ, ਰੱਬ ਨਾਲ ਪਾਏ ਰਾਬਤੇ, ਨੇ ਹੀ ਆਵਾਗਉਣ ਚੋਂ ਕਢਾਇਆ।





ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ # 639/40ਏ ਚੰਡੀਗੜ੍ਹ।ਫੋਨ ਨੰਬਰ : 9878469639




# AMBEDKAR INTERNATIONAL MISSION, LONDON

***Pays Homage To***

# THE GREAT DR BABASAHEB AMBEDKAR

***On the occasion of his 134th Birth Anniversary***

**Sunday, 11th May, 2025 From 2 pm (sharp) until 6 pm**

**At Elmhurst School, Upton Park Road, London, E7 8JY**

**All are cordially invited along with family, friends and relatives**

Speeches and poetry by distinguished guests

Sir Stephen Timms MP, Minister of State at the Department for Work and Pensions will be in attendance from 2 pm until 2:30 pm

## CHIEF GUEST



**Dr. B.P. Ashok (IPS Retd), PhD, D.Litt.**

Dr. B.P. Ashok is a prominent public figure now retired from his professional role as an Indian Police Service Officer. He has delivered over 5,000 lectures on social, cultural,religious, political, and motivational issues worldwide, including at the London School of Economics, House of Commons (UK), the University of London, the National Police Academy in Hyderabad, the UP Academy of Administration, and leading Strategic Change course at the Royal Institute of Public Administration in London, as well as lectured at various other universities around the world. He is also the author of more than 30 books.

## Transport and Parking

Nearest Underground: Upton Park, District, Hammersmith and City lines.

The venue is 10 minutes' walk from Upton Park Underground Station

## Cultural Entertainment

Giani Tarsem Singh Virdee and Party London (+91 9855 08290)
Tabla and Dhol Academy,

Dance performance:
Ms Tamalika and Ms Sonia

**Free parking at Elmhurst Primary School**

**Lunch will be strictly served between 12 noon - 1:30 pm only**

**Contact: Tel. 07751-668926**

# ਪੰਜਾਬੀ ਦੇ ਵਿਸਰਦੇ ਜਾ ਰਹੇ ਸ਼ਬਦ

ਢੱਗਾ: ਬਲਦ
ਡੰਨ: ਜੁਰਮਾਨਾ ਜਾਂ ਚੱਟੀ
ਢਹੇ ਚੜ੍ਹਨਾ: ਅੜਿਕੇ ਆ ਜਾਣਾ
ਝਾਟਾ: ਅਣਵਾਹੇ ਅਤੇ ਖਿੱਲਰੇ ਦਿਸਦੇ ਸਿਰ ਦੇ ਵਾਲ
ਝੰਜਟ: ਮੁਸ਼ਕਿਲ ਜਾਂ ਬਿਖੇੜਾ
ਡੁਸਕਣਾ: ਹਉਕੇ ਲੈ ਲੈ ਰੋਣਾ
ਬਿਪਤਾ: ਮੁਸੀਬਤ, ਔਕੜ, ਮੁਸ਼ਕਿਲ
ਬਾਨੀ: ਮੁੱਢ ਬੰਨਣ ਵਾਲਾ
ਲੋਥ: ਲਾਸ਼
ਝਾਵਾਂ: ਪੈਰਾਂ ਨੂੰ ਰਗੜ ਕੇ ਸਾਫ਼ ਕਰਨ ਵਾਲਾ ਪੱਕੀ ਮਿੱਟੀ ਤੋਂ ਬਣਾਇਆ ਟੁਕੜਾ
ਝੀਤ: ਦਰਵਾਜੇ ਆਦਿ ਦੇ ਵਿਚਲੀ ਉਹ ਵਿਰਲ, ਜਿਸ ਵਿੱਚੋਂ ਵੇਖਿਆ ਜਾ ਸਕਦਾ ਹੋਵੇ
ਝੁੱਟੀ: ਕਿਸੇ ਕੰਮ ਨੂੰ ਨਿਬੇੜਨ ਲਈ ਲਗਾਤਾਰਤਾ ਵਿੱਚ ਲਗਾਇਆ ਸਮਾਂ
ਛਾਬਾ: ਤੂਤ ਦੀਆਂ ਟਾਹਣੀਆਂ ਆਦਿ ਨਾਲ ਬਣਾਈ ਰੋਟੀਆਂ ਰੱਖਣ ਵਾਲੀ ਟੋਕਰੀ
ਟਪਲਾ: ਭੁਲੇਖਾ
ਤਾਪ: ਬੁਖਾਰ
ਤੋਟ: ਘਾਟ
ਤੋਸ਼ਾ: ਭੰਡਾਰ
ਤਮ੍ਹਾ: ਲਾਲਚ
ਦਦੇਹਸ: ਸਹੁਰੇ ਦੀ ਮਾਂ ਮ, ਦਾਦੀ ਸੱਸ
ਧਾੜਵੀ: ਲੁਟੇਰਾ, ਹਮਲਾਵਰ
ਧਾੜ: ਲੁਟੇਰਿਆਂ, ਹਮਲਾਵਰਾਂ ਦਾ ਗਿਰੋਹ
ਭੌਂਕੇ ਦਿਹਾੜੇ: ਔਖੇ ਵੇਲੇ, ਬੁਰੇ ਸਮੇਂ
ਹੇਜ: ਮੋਹ
ਜਾਤਕ: ਨਵ ਜੰਮਿਆ ਬੱਚਾ
ਝੇੜਾ: ਵਿਵਾਦ ਝਗੜਾ
ਫੜ੍ਹੀ: ਰਾਹ ਦੇ ਕਿਨਾਰੇ ਰੇਹੜੀ ਆਦਿ ਲਗਾ ਕੇ ਕੀਤੀ ਨਿੱਕੀ ਦੁਕਾਨਦਾਰੀ
ਘਣ: ਵੱਡਾ ਹਥੋੜਾ
ਖਿੱਦੋ: ਲੀਰਾਂ ਜਾ ਟਾਕੀਆਂ ਨੂੰ ਇਕੱਠੇ ਕਰ, ਉਹਨਾਂ ਨੂੰ ਮਜਬੂਤ ਧਾਗੇ ਨਾਲ ਸਿਉਂ ਕੇ ਤਿਆਰ ਕੀਤੀ ਲੀਰਾਂ ਦੀ ਗੇਂਦ
ਝਾਕ: ਆਸ
ਬੋਝਾ: ਜੇਬ
ਨਿਹਾਰਨਾ: ਪਿਆਰ ਨਾਲ ਤੱਕਣਾ
ਪਰਤ: ਕਿਸੇ ਚੀਜ਼ ਦੀ ਇੱਕ ਤਹਿ
ਦਾਨਾ: ਅਕਲ ਵਾਲਾ, ਸਮਝਦਾਰ
ਥੋਥਾ: ਖੋਖਲਾ
ਨੋਕ-ਝੋਕ: ਪਿਆਰ ਭਰੀ ਤਕਰਾਰ
ਠੇਠ: ਨਿਰੋਲ, ਖਾਲਸ, ਸ਼ੁੱਧ
ਜੇਠਾ: ਪਹਿਲਾ ਜਨਮਿਆ ਬੱਚਾ
ਮਹੀਨ: ਬਾਰੀਕ, ਪਤਲਾ
ਮਹਿਦੂਦ: ਕਿਸੇ ਹੱਦ ਤੱਕ ਸੀਮਿਤ
ਮੁਖ਼ਾਲਿਫ: ਵਿਰੋਧ ਕਰਨ ਵਾਲਾ
ਤਕੀਆ: ਸਿਰਹਾਣਾ
ਸੁੱਘੜ: ਸੁਚੱਜਾ, ਸਿਆਣਾ
ਮੜਕ: ਨਖਰਾ, ਆਕੜ
ਮਸਕਾ: ਚਾਪਲੂਸੀ
ਅਲਮਸਤ: ਬੇਪਰਵਾਹ
ਚੀੜ੍ਹਾ: ਸਖ਼ਤ



**ਬਲਜੀਤ ਸਿੰਘ ਕਚੂਰਾ**
**ਮਮਦੋਟ, ਜਿਲ੍ਹਾ ਫਿਰੋਜਪੁਰ।**
**ਮੋ. ਨੰ. 9465405597**



Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com